



LITERARY & CULTURAL MONTHLY OF PANJABI

# THE WATNO DUR

Post Box No. 1041 Coquitlam, B.C., Canada



ਪਾਰਸ ਵਰਗੀ ਰੇਤ ਵੇ ਏਥੇ,
ਸੋਨਾ ਉਗਦੇ ਖੇਤ ਵੇ ਏਥੇ,
ਜੇ ਕਰ ਲਈਏ ਤਦਬੀਰ,
ਏਥੇ ਆਪ ਬਣੇ ਤਕਦੀਰ,
ਮੁੜ ਆ ਵਤਨਾਂ ਨੂੰ ।

# GOYAL TRAVELS

4160 Fraser St.
Vancouver 10

PHONE: **872-7658**

INDIA : DEPART ANY DAY FOR FOUR MONTHS

ENQUIRE: for other SPECIAL FARE - GROUP & CHARTERS - ENGLAND, FIZI, SINGAPORE OR ANY PART OF THE WORLD.

ਸਫ਼ਰ ਜੰਬੋ ਜੈੱਟ ਦਾ, ਜਾਵੇ ਪੂਰਾਂ ਪੱਟਦਾ

ਗੋਇਲ ਟਰੈਵਲਜ਼

ਸਸਤੀਆਂ ਟਿਕਟਾਂ ਖਰੀਦੋ!

ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਜਾਣ ਲਈ ਜਾਂ ਆਪਣੇ ਰਿਸ਼ਤੇਦਾਰਾਂ ਨੂੰ ਮੰਗਵਾਉਣ ਲਈ ਸਾਨੂੰ ਦਰਸ਼ਨ ਦਿਓ। ਅਸੀਂ ਪਾਸਪੋਰਟ ਤਿਆਰ ਅਤੇ ਵੀਜ਼ਾ ਲੈਣ ਵਿੱਚ ਪੂਰੀ ਮੱਦਦ ਕਰਦੇ ਹਾਂ ਅਤੇ ਲੋੜ ਸਮੇਂ ਸਾਡੇ; ਮੋਗਾ, ਜਗਰਾਓਂ ਤੇ ਦਿੱਲੀ ਦਫ਼ਤਰਾਂ ਵਿੱਚ ਪੁੱਛਿਆਂ ਦੀ ਮੁਫ਼ਤ ਮੱਦਦ ਮਿਲੇਗੀ!




T. RAJ KAPAHI C.L.U.
*Unit Supervisor*
Res.: 433-3441



RAVI MATHUR
*Representative*
Res.: 438-2307


# DON'T LOSE EVERYTHING YOU'VE WORKED FOR...

As a business man you work today for a bigger and better tomorrow. But reaching tomorrow's profits requires your personal contribution today whether it be in management, sales or both. In any event, planning ahead is required in whatever you do and I'm an expert at financial planning. It is my business! So whether you want ideas on pension planning, business continuation, key man compensation or just death taxes give me a call or drop a line. If your planning is adequate, you'll be happy to know, if not, perhaps I can help! Interested?

THE MONARCH LIFE ASSURANCE COMPANY

1520 - 777 Hornby Street
Vancouver 1, B.C.
684-5322

WATNO DUR VARIETY SHOW ~ WATNO DUR VARIETY SHOW ~ WATNO DUR VARIETY SHOW

# ਵਤਨੋਂ ਦੂਰ ਆਰਟ ਫਾਂਊਡੇਸ਼ਨ

ਦੀ ਪਹਿਲੀ ਪੇਸ਼ਕਸ਼

## ਕਿਲਾਰਨੀ ਸੈਕੰਡਰੀ ਸਕੂਲ ਆਡੀਟੋਰੀਅਮ

KILLARNEY ST.
at
49TH AVENUE
VANCOUVER

ਦੀ ਸਟੇਜ ਤੇ

## ਐਤਵਾਰ 12 ਮਈ 1974 ਨੂੰ ਦੁਪਹਿਰ 2-30 ਵਜੇ

ਹੱਸਦੇ, ਨੱਚਦੇ, ਗਾਉਂਦੇ ਅਤੇ ਮਸਤੀ 'ਚ ਝੂਮਦੇ ਪੰਜਾਬ ਦੀ ਰੰਗੀਨ ਕਲਾਮਈ ਤਸਵੀਰ ਦੇ ਨਾਲ ਨਾਲ ਚੀਨੀ, ਯੂਕਰੇਨੀਅਨ, ਅਤੇ ਹੋਰ ਵਿਦੇਸ਼ੀ ਕਲਾਤਮਕ ਵੰਨਗੀਆਂ

# ਵਤਨੋਂ ਦੂਰ ਵਰਾਇਟੀ ਸ਼ੋਅ

ਪ੍ਰੋਗਰਾਮ ਦੀਆਂ ਝਲਕੀਆਂ :

- ਹਾਸਰਸ ਇਕਾਂਗੀ ਨਾਟਕ 'ਮੁਨਸ਼ੀ ਜੀ' ਲੇਖਕ : ਕਪੂਰ ਸਿੰਘ ਘੁੰਮਣ
- ਪੰਜਾਬੀ ਲੋਕ ਗੀਤ, ਗਜ਼ਲਾਂ ਅਤੇ ਸੰਗੀਤ ਧੁਨਾਂ
- ਯੂਕਰੇਨੀਅਨ ਲੋਕ-ਨਾਚ
- ਚੀਨੀ ਲੋਕ-ਨਾਚ
- ਪੰਜਾਬੀ ਲੋਕ-ਨਾਚ (ਗਿੱਧਾ - ਭੰਗੜਾ)
- ਹਾਸਰਸ - SKITS.

DIRECTOR
YOG RAJ SEDHA

MUSIC COMPOSITIONS
Mohan Baggan

DANCE COMPOSITIONS
Gurdip Grewal

TICKET: $ 3-00 ONLY

AVAILABLE AT: ROKKO SAREES & FABRICS, 6201- FRASER ST., VANCOUVER

FOR INFORMATIONS, CALL:- 'WATNO DUR' 874-5403, 873-3187

WATNO DUR VARIETY SHOW ~ WATNO DUR VARIETY SHOW ~ WATNO DUR VARIETY SHOW

ਕੈਨੇਡਾ ਵਿੱਚ ਪੰਜਾਬੀ ਦਾ ਸਾਹਿੱਤਕ
ਅਤੇ ਸੱਭਿਆਚਾਰਕ ਮਾਸਕ
ਵਤਨੋਂ ਦੂਰ
ਪੋਸਟ ਬਾਕਿਸ ਨੰ: 1041
ਕੋਕੁਇਟਲਮ, ਬੀ.ਸੀ.

TELEPHONE: 874-5403
SECOND CLASS MAIL REG NO. 3233
VOLUME: II, NO. 11
PRICE: 50 ¢
MAY 1974.

Literary & Cultural
Monthly of PANJABI
THE WATNO DUR
POST BOX 1041
COQUITLAM, B.C., CANADA.

Editor:
SURINDER DHANJAL
Asstt. Editor:
Bhupinder Dhaliwal

Managing Editor: Charanjeet Sidhoo
Advertising Editor: Diljit Toor.
Art Editor: Nirmal Dhaliwal.
Circulation Editor: Jaswinder Bhangu.

SPECIAL REPRESENTATIVE:

SUKHPAL TALLEWALIA : BURNABY, B. C.
LATT BHINDER : KAMLOOPS, B. C.
GURCHARAN TALLEWALIA: NEW WESTMINSTER.
KARAMJIT GHUMAN: CAMPBELL RIVER.
H. MANN & J. AULAKH: PRINCE GEORGE, B.C.
RAMESH SAFFRI : WINNIPEG, MANITOBA.
SURDEV JATANA : PRINCE RUPERT, B.C.

PUBLISHER:
TARA SINGH HAYER
6626-124 A STREET
SURREY, B.C.

ਸੰਪਾਦਕ:
ਸੁਰਿੰਦਰ ਧੰਜਲ

ਸਹਾ: ਸੰਪਾਦਕ:
ਭੁਪਿੰਦਰ ਧਾਲੀਵਾਲ

ਸਾਲਾਨਾ ਚੰਦਾ :-
ਕੈਨੇਡਾ / ਅਮਰੀਕਾ : ਪੰਜ ਡਾਲਰ
ਇੰਗਲੈਂਡ : 2½ ਪੌਂਡ

## ਇਕ ਸੁਨੇਹਾਂ

ਕੈਨੇਡਾ ਦੇ ਲਿਖਾਰੀਆਂ ਦੀਆਂ ਰਚਨਾਵਾਂ ਭਾਰਤ ਤੋਂ ਕੰਪੋਜ਼ ਹੋਣ ਲਈ ਭੇਜੀਆਂ ਅਜੇ ਤੱਕ ਵਾਪਸ ਨਾ ਆਉਣ ਦੇ ਕਾਰਨ ਇਸ ਅੰਕ ਵਿਚ ਛਾਪਣ ਤੋਂ ਅਸਮਰਥ ਰਹੇ ਹਾਂ, ਸੋ ਖਿਮਾ ਕਰਨਾ।

ਜੁਲਾਈ ਅੰਕ 'ਵਤਨੋਂ ਦੂਰ' ਦੀ ਪਹਿਲੀ ਵਰ੍ਹੇ-ਗੰਢ ਹੋਣ ਕਾਰਨ ਸਪੈਸ਼ਲ ਅੰਕ ਹੋਵੇਗਾ ਜਿਸ ਲਈ ਲਿਖਤਾਂ ਦੀ ਹੁਣੇ ਮੰਗ ਕਰਨਾ ਉਚਿਤ ਸਮਝਦੇ ਹਾਂ ਤਾਂ ਕਿ ਉਹ ਠੀਕ ਸਮੇਂ ਦੇ ਅੰਦਰ 2 ਕੰਪੋਜ਼ ਕਰਾ ਲਈਆਂ ਜਾ ਸਕਣ। ਇਸ ਦਿਸ਼ੇ ਨੂੰ ਮੁੱਖ ਰਖਦਿਆਂ ਲਿਖਾਰੀ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੀਆਂ ਰਚਨਾਵਾਂ 12 ਮਈ ਤੱਕ ਭੇਜਣ ਦੀ ਕੋਸ਼ਿਸ਼ ਕਰਨ।

ਸਨੇਹ ਸਹਿਤ,
ਭੁਪਿੰਦਰ ਧਾਲੀਵਾਲ

---

### ਕਵਿਤਾ:


- ਇਕ ਗੀਤ ਹਿਜ਼ਰ ਦਾ
- ਗਮਾਂ ਦੀ ਰਾਤ
- ਆਵਾਜ਼
- ਰਾਤ ਨੂੰ
- ਕੱਚ ਦੇ ਟੋਟੇ
- ਤੇਰੇ ਵਾਸ਼ੀ
- ਨੈਗੇਟਿਵ
- ਸ਼ਿਅਰ
- ਰੁਬਾਈਆਂ
- ਦੁਨੀਆਂ ਦੇ ਕਲਾਕਾਰੋ


### ਕਹਾਣੀ:


- ਜਦੋਂ ਮੁਰਦੇ ਬੋਲਦੇ ਨੇ
- ਵਕਾਲਤ
- ਤੋਗੀ ਦੀ ਦੇਣ
- ਬਰਾਬਰੀ ਦੀ ਸਮਝ
- ਸਮਾਜਵਾਦ


### ਸੰਜੀਵਨੀ ਬੂਟੀ:


- ਚਿੜੀਆ ਘਰ


### ਸਾਜ਼ ਅਤੇ ਆਵਾਜ਼:


- ਫਿਲਮੀ ਦੁਨੀਆਂ ਦੇ ਬੂਹੇ ਤੇ
- ਮਹਿੰਦਰ ਕਪੂਰ ਸ਼ੋਅ
- ਚਿੱਟੀ ਬਾਬੂ ਸ਼ੋਅ

# ਸ਼ਿਵ ਦੀਆਂ ਤਿੰਨ ਕਵਿਤਾਵਾਂ



ਬਿਰਹਾ ਦੇ ਮੋਤੀ ਚੁਗਣ ਵਾਲਾ ਗੀਤਾਂ ਦਾ ਹੰਸ

## ਸ਼ਿਵ ਕੁਮਾਰ ਬਟਾਲਵੀ

6 ਮਈ 1973 ਨੂੰ ਜੋਬਨ ਰੁੱਤੇ ਹੀ ਸਦੀਵੀ ਵਿਛੋੜਾ ਦੇ ਗਿਆ।

ਇਸ ਲਾਡਲੇ ਸ਼ਾਇਰ ਦੀ ਰਚਨਾ ਪੰਜਾਬੀ ਸਾਹਿਤ ਵਿਚ ਸਦਾ ਲਈ ਅਮਰ ਹੈ। ਕਾਸ਼, ਸਮਾਂ ਕੀਲ ਵਿਚ ਆ ਸਕਦਾ ਤੇ ਮਾਂ-ਬੋਲੀ ਨੂੰ ਨਵੀਆਂ ਨਰੋਈਆਂ ਉਪਮਾਵਾਂ ਨਾਲ ਭਰਨ ਵਾਲਾ ਸ਼ਿਵ ਕੁਝ ਚਿਰ ਹੋਰ ਜਿਊਂਦਾ।

ਪਰ ਅੰਮ੍ਰਿਤਾ ਪ੍ਰੀਤਮ ਦੇ ਬੋਲਾਂ ਵਿਚ-

"ਹੂਰਾਂ ਪਰੀ ਇਹ ਸਮੇਂ ਦੀ ਮੰਗਦੀ ਨਾ,
ਨਾਗਣ ਮੇਢੀਆਂ ਇਹਦੀਆਂ ਕੌਣ ਗੁੰਦੇ।
ਰਹੇ ਰੋਇਆਂ ਨਸੀਬ ਜੇ ਵਟ ਜਾਂਦੇ,
ਲਖਾਂ ਮੂੰਹ ਤੇ ਦੂਣੇ ਦਾਗਿਆ ਹੁੰਦੇ।"

(ਸਹਾਇਕ ਸੰਪਾਦਕ)

### 1. ਇਕ ਗੀਤ ਹਿਜ਼ਰ ਦਾ

ਮੱਤੀਏ ਰੰਗੀ ਚਾਨਣੀ ਦੀ ਭਰ ਪਿਚਕਾਰੀ,
ਮਾਰੀ ਨੀ ਕਿਸ ਮੁੱਖ ਮੇਰੇ ਤੇ ਮਾਰੀ।

ਕਿਸ ਲਾਈ ਮੇਰੇ ਮੱਥੇ ਚੰਨ ਦੀ ਦੌਣੀ,
ਕਿਸ ਰੱਤੀ ਮੇਰੀ ਸੂਹੀ ਕੁਟ ਫੁਲਕਾਰੀ।

ਰਹਿਣ ਦਿਓ ਨੀ ਹੱਸ ਦਿਲੇ ਦਾ ਫਾਕੇ,
ਜਾਂਦੀ ਨਹੀਂ ਮੈਥੋਂ ਮਹਿੰਗੀ ਚੋਗ ਖਿਲਾਰੀ

ਤੱਤੇ ਮਾਲ੍ਹ, ਤਰੱਕਲਾ ਚਰਖੀ ਫੂਕੋ,
ਕਿਸ ਮੰਗੀ ਵੈਰਣ ਕੋਡਾਂ ਨਾਲ ਸ਼ਿੰਗਾਰੀ।

ਕਿਸ, ਕੂਲ੍ਹਾਂ ਦੇ ਆਣ ਘਚੋਲੇ ਪਾਣੀ,
ਕਿਸ ਤਤੜੀ ਨੇ ਆਣ ਮਰੁੰਡੀਆਂ ਛਾਵਾਂ।

ਕਿਸ ਖੂਹੇ ਬਹਿ ਧੋਵਾਂ ਦਾਗ ਦਿਲੇ ਦੇ,
ਕਿਸ ਚੌਂਕੀ ਬਹਿ ਮਲ ਮਲ ਵੱਟਣਾ ਨ੍ਹਾਵਾਂ।

ਕੀਹ ਗੁੰਦਾਂ ਹੁਣ ਗੁੱਡੀਆਂ ਦੇ ਸਿਰ ਮੌਤੀ,
ਕੀਕਣ ਉਮਰ ਨਿਆਣੀ ਮੋੜ ਲਿਆਵਾਂ।

ਕਿਸ ਸੰਗ ਖੇਡਾਂ ਅੜੀਓ ਨੀ ਮੈਂ ਕੰਜਕਾਂ,
ਕਿਸ ਸੰਗ ਅੜੀਓ ਰਾੜੇ ਬੀਜਣ ਜਾਵਾਂ।

ਉੱਡ ਗਈਆਂ ਡਾਰਾਂ ਸੱਭੇ ਬੰਨ੍ਹ ਕਤਾਰਾਂ,
ਮੈਂ ਕੱਲੀ ਵਿਚ ਫਸ ਗਈ ਜੇ ਨੀ ਫਾਹੀਆਂ।

ਲੱਖ ਸੁਵੈਣਾਂ ਔਂਸੀਆਂ ਪਾ ਪਾ ਮੋਈਆਂ,
ਬਾਤ ਨਾ ਪੁੱਛੀ ਏਸ ਗਰਾਂ ਦਿਆਂ ਰਾਹੀਆਂ।

ਪਰਤ ਕਦੇ ਨਾ ਆਏ ਮਹਿਰਮ ਘਰ ਨੂੰ,
ਐਵੇਂ ਉਮਰਾਂ ਵਿਚ ਉਡੀਕ ਵਿਹਾਣੀਆਂ।

ਆਖੇ ਸੂ, ਚੰਨ ਮੱਸਿਆ ਨੂੰ ਨਹੀਂ ਚੜ੍ਹਦਾ,
ਮੱਸਿਆ ਵੰਡਦੀ ਆਈ ਦੁੱਖੀਂ ਨਿਆਹੀਆਂ।

ਝੱਬ ਕਰ ਅੜੀਏ ਤੂੰ ਵੀ ਉੱਡ ਜਾ ਚਿੜੀਏ,
ਇਹਨੀਂ ਮਹਿਲੀਂ ਹੱਤਿਆਰੇ ਨੇ ਵੱਸਦੇ।

ਏਸ ਖੇਤ ਵਿਚ ਕਦੇ ਨਹੀਂ ਉੱਗਦੀ ਕੰਗਣੀ,
ਏਸ ਖੇਤ ਦੇ ਧਾਣ ਕਦੇ ਨਹੀਂ ਪੱਕਦੇ।

ਭੁੱਲ ਨਾ ਬੋਲੇ ਕੋਇਲ ਇਹਨੀਂ ਅੰਬੀਂ,
ਇਹਨੀਂ ਬਾਗੀਂ ਮੋਰ ਕਦੇ ਨਹੀਂ ਨੱਚਦੇ।

ਅੜੀਓ ਨੀ ਮੈਂ ਘਰ ਬਿਰਹੋਂ ਦੇ ਜਾਈਆਂ,
ਰਹਿਣਗੇ ਹੋਂਠ ਹਸ਼ਰ ਤਕ ਹੰਝੂ ਚੱਟਦੇ।

ਕੀਹ ਰੋਵਾਂ ਮੈਂ ਗਲ ਸੱਜਣਾ ਦੇ ਮਿਲ ਕੇ,
ਕੀਹ ਹੱਸਾਂ ਮੈਂ ਅੜੀਓ ਮਾਰ ਛੜੱਪੀਆਂ।

ਕੀਹ ਬੈਠਾਂ ਮੈਂ ਛਾਵੇਂ ਸੰਦਲ ਰੁੱਖ ਦੀ,
ਕੀਹ ਬਣ ਬਣ ਚੋਂ ਚੁਗਦੀ ਫਿਰਾਂ ਮੈਂ ਰੱਤੀਆਂ।

ਕੀਹ ਟੇਰਾਂ ਮੈਂ ਸੂਤ ਗ਼ਮਾਂ ਦੇ ਖੱਦੇ,
ਕੀਹ ਖੋਹਲਾਂ ਮੈਂ ਗੰਢਾਂ ਪੇਚ ਪਲੱਚੀਆਂ।

ਕੀਹ ਗਾਵਾਂ ਮੈਂ ਗੀਤ ਹਿਜਰ ਦੇ ਗੁੰਗੇ,
ਕੀਹ ਛੇੜਾਂ ਮੈਂ ਮੂਕ ਦਿਲੇ ਦੀਆਂ ਮੱਟੀਆਂ ●

IMPORTERS EXPORTERS WHOLESALERS RETAILERS
**ROKKO SAREES & FABRICS**
635-BLOOR STREET WEST. TORONTO
ONTARIO. CANADA
Phone 533-1106
OWNED AND OPERATED BY B.S. KHURANA AND SONS AND GRANDSONS

## 2. ਗ਼ਮਾਂ ਦੀ ਰਾਤ

ਗ਼ਮਾਂ ਦੀ ਰਾਤ ਲੰਮੀ ਏ,
ਜਾਂ ਮੇਰੇ ਗੀਤ ਲੰਮੇ ਨੇ ।
ਨਾ ਭੈੜੀ ਰਾਤ ਮੁਕਦੀ ਏ,
ਨਾ ਮੇਰੇ ਗੀਤ ਮੁਕਦੇ ਨੇ ।

ਇਹ ਸਰ ਕਿੰਨੇ ਕੁ ਡੂੰਘੇ ਨੇ
ਕਿਸੇ ਨੇ ਹਾਥ ਨਾ ਪਾਈ,
ਨਾ ਬਰਸਾਤਾਂ 'ਚ ਚੜ੍ਹਦੇ ਨੇ
ਤੇ ਨਾ ਔੜਾਂ 'ਚ ਸੁੱਕਦੇ ਨੇ ।

ਮੇਰੇ ਹੱਡ ਹੀ ਅਵੱਲੇ ਨੇ
ਜੋ ਅੱਗ ਲਾਇਆਂ ਨਹੀਂ ਸੜਦੇ,
ਨ ਸੜਦੇ ਹਾਉਕਿਆਂ ਦੇ ਨਾਲ
ਹਾਵਾਂ ਨਾਲ ਧੁਖਦੇ ਨੇ ।

ਇਹ ਫੱਟ ਹਨ ਇਸ਼ਕ ਦੇ
ਇਹਨਾਂ ਦੀ ਯਾਰੋ ਕੀਹ ਦਵਾ ਹੋਵੇ,
ਇਹ ਹਥ ਲਾਇਆਂ ਵੀ ਦੁਖਦੇ ਨੇ
ਮਲ੍ਹਮ ਲਾਇਆਂ ਵੀ ਦੁਖਦੇ ਨੇ ।

ਜੇ ਗੋਰੀ ਰਾਤ ਹੈ ਚੰਨ ਦੀ
ਤਾਂ ਕਾਲੀ ਰਾਤ ਹੈ ਕਿਸ ਦੀ ?
ਨਾ ਲੁਕਦੇ ਤਾਰਿਆਂ ਵਿਚ ਚੰਨ
ਨਾ ਤਾਰੇ ਚੰਨ 'ਚ ਲੁਕਦੇ ਨੇ । ●

## 3. ਆਵਾਜ਼

ਨਹਿਰੂ ਦੇ ਵਾਰਸੋ ਸੁਣੋ,
ਆਵਾਜ਼ ਹਿੰਦੁਸਤਾਨ ਦੀ !
ਗਾਂਧੀ ਦੇ ਪੁਜਕੋ ਸੁਣੋ,
ਆਵਾਜ਼ ਹਿੰਦੁਸਤਾਨ ਦੀ,
ਵਤਨ ਦੇ ਰਾਹਬਰੋ ਸੁਣੋ,
ਆਵਾਜ਼ ਹਿੰਦੁਸਤਾਨ ਦੀ !
ਆਵਾਜ਼ ਜੋ ਬਗ਼ਾਵਤਾਂ,
ਤੇ ਹੋਣੀਆਂ ਦੇ ਹਾਣ ਦੀ !
ਆਵਾਜ਼ ਜੋ ਹੈ ਖ਼ੁਦਕਸ਼ੀ,
ਦੇ ਮੌਸਮਾਂ ਦੇ ਆਉਣ ਦੀ !

ਸੁਣੋ ਸੁਣੋ ਇਹ ਬਸਤੀਆਂ ਦੇ
ਮੋੜ ਕੀਹ ਨੇ ਆਖਦੇ ?
ਦੁਰਸਤਿਆਂ 'ਚ ਚੀਕਦੇ,
ਇਹ ਸ਼ੋਰ ਕੀਹ ਨੇ ਆਖਦੇ ?
ਭਰੇ ਬਜ਼ਾਰ ਬੰਦ ਕਿਉਂ
ਇਹ ਸੋਗ ਕੀਹ ਨੇ ਆਖਦੇ ?
ਬੀਮਾਰ ਹੋਏ ਦੇਸ਼ ਦੇ,
ਇਹ ਲੋਕ ਕੀਹ ਨੇ ਆਖਦੇ ?
ਕਿਉਂ ਕਾਗਜ਼ਾਂ ਤੇ ਉੱਗਦੇ ਨੇ
ਰੋਜ਼ ਸੂਹੇ ਹਾਦਸੇ ?
ਕਿਉਂ ਸੁਰਖੀਆਂ ਚੋਂ ਝਾਕਦੇ ਨੇ
ਨਕਸ਼ ਸਾਡੀ ਲਾਸ਼ ਦੇ ?
ਸੁਣੋ ਸੁਣੋ ਆਵਾਜ਼ ਹੈ ਇਹ;
ਇਨਕਲਾਬ ਆਉਣ ਦੀ !
ਆਵਾਜ਼ ਹੈ ਇਹ ਆ ਰਹੀ,
ਲੋਹੇ ਨੂੰ ਧਾਰ ਲਾਉਣ ਦੀ !
ਆਵਾਜ਼ ਹੈ ਇਹ ਮਾਲੀਆਂ ਦੇ,
ਖ਼ੁਦ ਚਮਨ ਜਲਾਉਣ ਦੀ ।
ਸੁਣੋ ਸੁਣੋ ਆਵਾਜ਼ ਮੇਰੇ
ਗੀਤ ਇਸ ਉਦਾਸ ਦੀ !

(6) ਜੋ ਹੰਝੂਆਂ 'ਚ ਬੋਲਦੀ
ਤੇ ਹੌਕਿਆਂ 'ਚ ਆਖਦੀ !
ਸੁਣੋ ਆਵਾਜ਼ ਚੁੱਲ੍ਹਿਆਂ ਚੋਂ
ਸਰਦ ਹੋਈ ਰਾਖ ਦੀ !
ਸੁਣੋ ਆਵਾਜ਼ ਝੁੱਗੀਆਂ ਚੋਂ
ਭੁਰਭ ਗਏ ਮਾਸ ਦੀ !
ਸੁਣੋ ਆਵਾਜ਼ ਮਿਹਨਤਾਂ ਮੱਥੇ
ਲਿਖੀ ਬਰਾਤ ਦੀ !
ਸੁਣੋ ਆਵਾਜ਼ ਹਰ ਕਿਰਨ ਦੀ
ਰੋਸ਼ਨੀ ਚੋਂ ਰਾਤ ਦੀ !
ਸੁਣੋ ਆਵਾਜ਼ ਜਿਉਂਦਿਆਂ ਦੀ
ਜ਼ਿੰਦਗੀ ਚੋਂ ਲਾਸ਼ ਦੀ !
ਸੁਣੋ ਆਵਾਜ਼ ਮਰ ਗਿਆਂ ਦੀ
ਮੌਤ ਚੋਂ ਸੁਆਸ ਦੀ !
ਸੁਣੋ ਸੁਣੋ ਆਵਾਜ਼ ਇਹ
ਜ਼ਬਾਨ ਬੇ-ਜ਼ਬਾਨ ਦੀ !
ਆਵਾਜ਼ ਹੈ ਇਹ ਹੱਕ ਦੀ
ਤੇ ਹੱਕ ਨੂੰ ਦਬਾਉਣ ਦੀ !
ਆਵਾਜ਼ ਹੈ ਇਹ ਗ਼ੁਰਬਤਾਂ
ਦੇ ਵੈਣ ਡੂੰਘੇ ਪਾਉਣ ਦੀ !

ਸੁਣੋ ਸੁਣੋ ਇਹ ਕੌਣ ਨੇ
ਜੋ ਲੋਕ ਨਾਅਰੇ ਮਾਰਦੇ ?
ਜੋ ਆਪਣੇ ਹੀ ਦੇਸ਼ ਦੀ
ਪਏ ਆਬਰੂ ਲਿਤਾੜਦੇ ?
ਜੋ ਆਪਣੀ ਕੌਮ ਦੇ
ਨਸੀਬ ਪਏ ਵਿਗਾੜਦੇ ?
ਜੋ ਆਪਣੇ ਇਮਾਨ ਨੂੰ
ਪਏ ਆਪ ਨੇ ਵੰਗਾਰਦੇ ?
ਜੋ ਆਪਣੀ ਹੀ ਬੀੜ
ਤੇ ਅੰਜੀਲ ਪਏ ਨੇ ਪਾੜਦੇ ?
ਜੋ ਆਪਣੇ ਹੀ ਗੌਤਮਾਂ ਦਾ
ਫਲਸਫ਼ਾ ਪਏ ਸਾੜਦੇ ?
ਸੁਣੋ ਸੁਣੋ ਆਵਾਜ਼ ਹੈ ਇਹ
ਵਤਨ ਨੂੰ ਮਿਟਾਉਣ ਦੀ !
ਆਵਾਜ਼ ਹੈ ਇਹ ਵਹਿਸ਼ਤਾਂ ਦੇ
ਖ਼ੂਨ ਮੂੰਹ ਨੂੰ ਲਾਉਣ ਦੀ !
ਆਵਾਜ਼ ਕਾਲੀ ਰਾਤ ਵਿੱਚ
ਦੀਵਾ ਕਿਤੇ ਬੁਝਾਉਣ ਦੀ !
ਆਵਾਜ਼ ਸਾਡੇ ਹੁਸਨ ਦੇ,
ਮੱਥੇ ਝਰੀਟ ਆਉਣ ਦੀ ।

ਸੁਣੋ ਸੁਣੋ ਆਵਾਜ਼ ਕਿ
ਇਹ ਦੂਰ ਨਿਕਲ ਜਾਏ ਨਾ !
ਇਹ ਅੱਗ ਬਣ ਕੇ ਸਾਡਿਆਂ
ਮਹਿਲਾਂ ਨੂੰ ਸਾੜ ਜਾਏ ਨਾ !
ਇਹ ਸ਼ੋਰ ਬਣ ਕੇ ਸਾਡੀਆਂ
ਗਲੀਆਂ 'ਚ ਫੈਲ ਜਾਏ ਨਾ !
ਅਸਪਾਤ ਬਣ ਕੇ ਸਾਡਿਆਂ
ਖੇਤਾਂ 'ਚ ਉੱਗ ਆਏ ਨਾ !
ਦੀਵਾਨੀ ਹੋ ਕੇ ਝੁੱਗੀਆਂ ਚੋਂ
ਬਾਹਰ ਨਿਕਲ ਆਏ ਨਾ !
ਸੁਣੋ ਸੁਣੋ ਆਵਾਜ਼ ਹੈ ਇਹ
ਦਰਦ ਤੇ ਥੱਕਾਨ ਦੀ !
ਆਵਾਜ਼ ਹੈ ਨਦੀਆਂ
ਇਹ ਛਾਤੀਆਂ ਚੁੰਘਾਣ ਦੀ !
ਆਵਾਜ਼ ਹੈ ਇਹ ਲੋਰੀਆਂ ਨੂੰ
ਭੁੱਖਿਆਂ ਸੁਲਾਣ ਦੀ !

ਸੁਣੋ ਸੁਣੋ ਆਵਾਜ਼ ਇਹ,
ਕਿ ਵਕਤ ਦਾ ਸਵਾਲ ਹੈ !
ਕਿ ਫੇਰ ਸਾਡੇ ਤਾਰਿਆਂ ਦਾ,
ਆ ਰਿਹਾ ਜ਼ਵਾਲ ਹੈ !
ਕਿ ਫੇਰ ਸਾਡੇ ਸੂਰਜਾਂ ਨੂੰ,
ਖਾ ਰਿਹਾ ਜੰਗਾਲ ਹੈ !
ਕਿ ਫੇਰ ਸਾਡੇ ਵਤਨ ਦੇ,
ਮੂੰਹ ਤੇ ਕੋਈ ਮੱਲਾਲ ਹੈ !
ਕਿ ਫੇਰ ਸਾਡੀ ਆਬਰੂ ਦਾ
ਝੂੰ ਰਿਹਾ ਗੁਲਾਲ ਹੈ !
ਸੁਣੋ ਸੁਣੋ ਆਵਾਜ਼ ਹੈ
ਇਹ ਹਿੰਦ ਦੇ ਅਵਾਮ ਦੀ !
ਆਵਾਜ਼ ਹਿੰਦੂ, ਸਿੱਖ ਤੇ
ਈਸਾਈ ਮੁਸਲਮਾਨ ਦੀ !
ਆਵਾਜ਼ ਇਹ ਕੁਰਾਨ ਦੀ,
ਆਵਾਜ਼ ਇਹ ਪੁਰਾਨ ਦੀ !

ਨਹਿਰੂ ਦੇ ਵਾਰਸੋ ਤੁਸਾਂ
ਜੇ ਇਹ ਆਵਾਜ਼ ਨਾ ਸੁਣੀ !
ਤਾਂ ਇਹ ਆਵਾਜ਼ ਪੱਥਰਾਂ ਦਾ
ਰੂਪ ਧਾਰ ਜਾਏਗੀ !
ਗਾਂਧੀ ਦੇ ਪੁਜਕੋ ਤੁਸਾਂ,
ਜੇ ਇਹ ਆਵਾਜ਼ ਨਾ ਸੁਣੀ ।
ਤਾਂ ਇਹ ਆਵਾਜ਼ ਦਾਮਨਾਂ ਦੀ
ਆਬ ਪਾੜ ਖਾਏਗੀ !
ਵਤਨ ਦੇ ਰਾਹਬਰੋ ਤੁਸਾਂ
ਜੇ ਇਹ ਅਵਾਜ਼ ਨਾ ਸੁਣੀ ।
ਤਾਂ ਇਹ ਆਵਾਜ਼ ਖ਼ੂਨ ਦੀ
ਹਵਾੜ੍ਹ ਲੈ ਕੇ ਆਏਗੀ !
ਸੁਣੋ ਆਵਾਜ਼ ਆਪਣੇ,
ਗ਼ਰੀਬ ਹਿੰਦੁਸਤਾਨ ਦੀ !
ਸੁਣੋ ਆਵਾਜ਼ ਆਪਣੇ
ਮਾਅਸੂਮ ਹਿੰਦੁਸਤਾਨ ਦੀ !
ਸੁਣੋ ਆਵਾਜ਼ ਆਪਣੇ
ਬੀਮਾਰ ਹਿੰਦੁਸਤਾਨ ਦੀ !
ਆਵਾਜ਼ ਜੋ ਹੈ ਖ਼ੁਦਕਸ਼ੀ ਦੇ
ਮੌਸਮਾਂ ਦੇ ਆਉਣ ਦੀ ! ●

MOVIES FOREIGN EXCHANGE CONCERT

**SIHOTA DISTRIBUTORS**

MANAGER KARTAR SINGH AHLUWALIA

3483 KINGSWAY, VANCOUVER, B.C., CANADA. V5R 5L5-

PHONE: 438-1304 324-2557

# ਰਾਤ ਨੂੰ

ਪਾਸ਼

ਉਦਾਸ ਬਾਜਰਾ ਸਿਰ ਸੁੱਟੀ ਖੜਾ ਹੈ
ਤਾਰੇ ਵੀ ਗੱਲ ਨਹੀਂ ਕਰਦੇ
ਰਾਤ ਨੂੰ ਕੀ ਹੋਇਆ ਹੈ ?......

ਐ ਰਾਤ
ਤੂੰ ਮੇਰੇ ਲਈ ਉਦਾਸ ਨਾ ਹੋ
ਤੂੰ ਮੇਰੀ ਦੇਣਦਾਰ ਨਹੀਂ
ਰਹਿਣ ਦੇ ਇੰਜ ਨਾ ਸੋਚ

ਉਗਾਲੀ ਕਰਦੇ ਪਸ਼ੂ ਕਿੰਨੇ ਚੁੱਪ ਹਨ
ਤੇ ਪਿੰਡ ਦੀ ਨਿੱਘੀ ਫ਼ਿਜ਼ਾ ਕਿੰਨੀ ਸ਼ਾਂਤ ਹੈ
ਰਹਿਣ ਦੇ ਤੂੰ ਇੰਜ ਨਾ ਸੋਚ—
ਰਾਤ, ਤੂੰ ਮੇਰੀਆਂ ਅੱਖਾਂ 'ਚ ਤੱਕ
ਇਹਨਾਂ ਉਸ ਬਾਂਕੇ ਯਾਰ ਨੂੰ ਹੁਣ ਕਦੀ ਨਹੀਂ ਤੱਕਣਾ
ਜਿਹਦੀ ਅੱਜ ਅਖ਼ਬਾਰਾਂ ਨੇ ਗੱਲ ਕੀਤੀ ਹੈ ...
ਰਾਤ ਤੇਰਾ ਓਦਣ ਦਾ ਉਹ ਰਉਂ ਕਿਥੇ ਹੈ ?
ਜਦ ਉਹ ਪਹਾੜੀ ਚੋਅ ਦੇ ਪਾਣੀ ਵਾਂਗ
ਕਾਹਲਾ ਕਾਹਲਾ ਆਇਆ ਸੀ
ਚੰਨ ਦੀ ਲੋਏ ਪਹਿਲਾਂ ਅਸੀਂ ਪੜ੍ਹੇ
ਫਿਰ ਚੋਰਾਂ ਵਾਂਗ ਬਹਿਸ ਕੀਤੀ
ਤੇ ਫਿਰ ਝਗੜ ਪਏ ਸਾਂ...

ਰਾਤ ਤੂੰ ਓਦੋਂ ਤਾਂ ਖ਼ੁਸ਼ ਸੈਂ
ਜਦ ਅਸੀਂ ਲੜਦੇ ਸਾਂ
ਤੂੰ ਹੁਣ ਕਿਉਂ ਉਦਾਸ ਏਂ
ਜਦ ਅਸੀਂ ਵਿਛੜ ਗਏ ਹਾਂ......

ਰਾਤ ਤੈਨੂੰ ਤੁਰ ਗਏ ਦੀ ਸਹੁੰ
ਤੇਰਾ ਇਹ ਬਣਦਾ ਨਹੀਂ
ਮੈਂ ਤੇਰਾ ਦੇਣਦਾਰ ਹਾਂ
ਤੂੰ ਮੇਰੀ ਦੇਣਦਾਰ ਨਹੀਂ
ਰਾਤ, ਤੂੰ ਮੈਨੂੰ ਵਧਾਈ ਦੇ
ਮੈਂ ਇਨ੍ਹਾਂ ਖੇਤਾਂ ਨੂੰ ਵਧਾਈ ਦਿੰਦਾ ਹਾਂ

ਖੇਤਾਂ ਨੂੰ ਸਭ ਪਤਾ ਹੈ
ਮਨੁੱਖ ਦਾ ਲਹੂ ਕਿੱਥੇ ਡੁਲ੍ਹਦਾ ਹੈ
ਤੇ ਲਹੂ ਦਾ ਮੁੱਲ ਕੀ ਹੁੰਦਾ ਹੈ
ਇਹ ਖੇਤ ਸਭ ਜਾਣਦੇ ਹਨ

ਇਸ ਲਈ ਐ ਰਾਤ
ਤੂੰ ਮੇਰੀਆਂ ਅੱਖਾਂ 'ਚ ਤੱਕ
ਮੈਂ ਭਵਿੱਖ ਦੀਆਂ ਅੱਖਾਂ 'ਚ ਤੱਕਦਾ ਹਾਂ●

# ਹਰਭਜਨ ਹਲਵਾਰਵੀ

## 1. ਕੱਚ ਦੇ ਟੋਟੇ

ਇਸ ਬਜ਼ਾਰ 'ਚੋਂ
ਥੋੜਾ ਬਹੁਤ ਜਤਨ ਕੀਤਿਆਂ,
ਮਨਚਾਹੀ ਵਸਤੂ ਮਿਲ ਜਾਂਦੀ ।
ਕਈ ਪਾਰਖੂ ਨੈਣਾਂ ਵਾਲੇ
ਪੱਥਰਾਂ 'ਚੋਂ ਹੀਰੇ ਲੱਭ ਲੈਂਦੇ,
ਚਮਕ ਨਾਲ ਚੁੰਧਿਆਏ ਫਿਰਦੇ ।
ਕੁਝ ਕੁ ਜਿਨ੍ਹਾਂ ਦੀ ਬੁਧੀ ਚਾਤਰ,
ਆਪਣੇ ਲੋਹੇ ਸੰਗ ਬਦਲ ਲੈਂਦੇ ਸੋਨਾ ਤੇ ਚਾਂਦੀ ।
ਪਰ ਮੈਂ ਸਾਦਾ ਪਧਰਾ ਢੂੰਡਕ,
ਮੇਰੇ ਹੱਥ ਤਾਂ ਆਏ ਪੰਜ ਸੱਤ ਕੱਚ ਦੇ ਟੋਟੇ ।
ਕਿਉਂ ਇਨ੍ਹਾਂ ਨੂੰ ਸੁੱਟ ਦਿਆਂ ਮੈਂ ?
ਮਨ ਦੇ ਤਿਨ-ਕੋਨੇ ਦਰਪਣ ਵਿਚ ਧਰ ਕੇ,
ਬਹੁ-ਰੂਪ-ਦਰਸ਼ੀ ਬਣਾਵਾਂ,
ਵਿਆਕੁਲ ਆਸਾਂ ਨੂੰ ਵਰਚਾਵਾਂ । ●

## 2. ਤੇਰੇ ਵਾਂਗੂ

ਜੇਕਰ ਤੇਰੇ ਪਿਆਰ ਨੇ ਦਿੱਤੇ
ਬਿਰਹਾ, ਹੰਝੂ, ਹੌਕੇ ।
ਤਲਖ਼ ਦਿਨਾਂ ਦੇ ਚੱਕਰ 'ਚੋਂ ਇਉਂ
ਛਾਲੇ, ਕੰਡੇ, ਮ੍ਰਿਗ-ਤ੍ਰਿਸ਼ਨਾ ਤੇ ਸੇਕ ਮਿਲੇ ਨੇ,
ਜਾਂ ਫਿਰ ਇਕ ਲੱਪ ਘੋਰ ਨਿਰਾਸ਼ਾ ਦੇ ਨ੍ਹੇਰੇ ਦੀ ।
ਜ਼ਿੰਦਗੀ ਫਿਰ ਵੀ ਤੇਰੇ ਵਾਂਗੂ ਅਤਿ ਸੁਹਣੀ ਹੈ । ●

## 3. ਨੈਗੇਟਿਵ

ਜਦ ਮਨ ਦੇ ਅੰਬਰ 'ਤੇ ਛਾਇਆ ਅੰਧਕਾਰ ਸੀ,
ਹੋਂਦ ਤੇਰੀ ਦਾ ਮੈਨੂੰ ਕੁਝ ਅਨੁਭਵ ਸੀ ਏਦਾਂ,
ਚਿਤ੍ਰ ਕਲੀ ਦੁਧ-ਰੰਗੀ ਦਾ ਜਿਉਂ ਸਿਆਹ ਪਰਦੇ 'ਤੇ ।
ਹੁਣ ਜਦੋਂ ਸੂਝਾਂ ਦੇ ਚਾਨਣ ਦਾ ਮਨ ਵਿਚ ਪ੍ਰਵੇਸ਼ ਹੈ ਹੋਇਆ,
ਰੂਹ ਦੇ ਚਿੱਟੇ ਪਰਦੇ 'ਤੇ ਤੇਰਾ ਅਹਿਸਾਸ,
ਨ੍ਹੇਰੇ ਦਾ ਇਕ ਬਿੰਦੂ ਬਣ ਕੇ ਸਿਮਟ ਗਿਆ ਹੈ ।
ਤੇ ਮੈਂ ਸੋਚਾਂ :
ਕਿਹੜਾ ਚਿਤ੍ਰ ਇਨ੍ਹਾਂ 'ਚੋਂ, ਦੂਜੇ ਦਾ ਨੈਗੇਟਿਵ ਜਾਪੇ । ●

IMPORTERS EXPORTERS WHOLESALERS RETAILERS
ROKKO SAREES & FABRICS
27- SUSSEX RD., SOUTH CROYDON. LONDON.ENGLAND
Phone 688-4590
OWNED AND OPERATED BY B.S. KHURANA AND SONS AND GRANDSONS

## ਬੰਬੇ ਕਰੀ ਰੈਸਟੋਰੈਂਟ, ਵੈਨਕੋਵਰ

3934 - ਮੇਨ ਸਟਰੀਟ (23 ਐਵੀਨਿਊ)
ਵੈਨਕੋਵਰ - ਬੀ.ਸੀ.
( ਟੈਲੀਫੋਨ : 874-5722)

ਜਿੱਥੇ ਤੁਸੀਂ ਚਿਕਨ ਕਰੀ, ਲੈਂਬ ਕਰੀ, ਬੀਫ਼ ਕਰੀ, ਬੱਕਰੇ ਦਾ ਸਪੈਸ਼ਲ ਮੀਟ ਤੇ ਭਾਰਤੀ-ਮਿਠਿਆਈ ਦਾ ਸੁਆਦ ਮਾਣ ਸਕਦੇ ਹੋ!

ਅਸੀਂ ਵਿਆਹ ਸ਼ਾਦੀਆਂ ਸਮੇਂ INDOOR ਅਤੇ OUTDOOR ਪਾਰਟੀਆਂ ਦਾ ਵਿਸ਼ੇਸ਼-ਪ੍ਰਬੰਧ ਵੀ ਕਰਦੇ ਹਾਂ।

### ਮਾਲਕ: ਸ੍ਰ: ਕੇਵਲ ਸਿੰਘ ਪਾਬਲਾ

ਜਿਨ੍ਹਾਂ ਦਾ ਕੁਕਿੰਗ ਦਾ
18 ਸਾਲ ਦਾ ਤਜਰਬਾ ਹੈ।

## ਬਰੱਦਰਜ਼ ਅਪਲਾਇੰਸ ਸਰਵਿਸ

## BROTHERS
**APPLIANCE SERVICE**

CALL **JARNAIL**
PHONE 24 HOURS
**254-0288**
ALL MAKES AND MODELS
All service work Fully Guaranteed

### Electric Repair Service

WASHERS – DRYERS – RANGES – FRIG.
DISHWASHERS – ELECTRONIC OVENS
HOT WATER TANKS ETC.

**For Fast Economical Service . . . Call Us Today!**
*We are as near as your phone!*

## EAST-WEST
## QUALITY-WEAR



1290-E.12 (AT KNIGHT)
VANCOUVER, B.C.
(PHONE: 876-7901)

&

7220-MAIN (AT 57th AV.)
VANCOUVER, B.C.
(PHONE: 325-5414)

We are on the top for latest designs, Color and Quality in all types of fabrics, for Sarees & Suits, Salwar-Qamiz, Shirts, Sweeters, Children Wears, Turbans and many more.

DIRECT IMPORTER-EXPORTER, RETAILER & WHOLESALER FROM INDIA, ENGLAND, JAPAN, HONGKONG, TAIWAN, KOREA & OFFICES IN MANY PARTS OF THE WORLD.

*We specialize in everything we sell*
(WHOLESALE & RETAIL)
RESIDENT REPRESENTATIVE IN CANADA:

### M. S. LAIL

ਦਾਜ, ਵਰੀ ਤੇ ਘਰੇਲੂ ਲੋੜਾਂ ਲਈ ਤੁਹਫ਼ੇ, ਖ਼ੂਬਸੂਰਤ ਸੂਟ, ਸਾੜ੍ਹੀਆਂ, ਸ਼ਰਟਾਂ, ਸਵੈਟਰ, ਪੱਗਾਂ ਤੇ ਬੱਚਿਆਂ ਦੇ ਕੱਪੜੇ ਆਦਿ ਖਰੀਦਣ ਸਮੇਂ ਮਿਲਣ ਦੇ ਸਟੋਰਾਂ ਦਾ ਨਾਂ ਯਾਦ ਰੱਖੋ!
ਜਿਨ੍ਹਾਂ ਦਾ ਕੇਵਲ ਨਾਹਰਾ ਹੀ ਨਹੀਂ ਸਗੋਂ ਸਾਬਤ ਹੋ ਚੁੱਕਾ ਹੈ ਕਿ ਕੈਨੇਡਾ ਵਿਚ ਇੰਨਾਂ ਤੋ ਸਸਤਾ, ਸੁੰਦਰ ਤੇ ਵਧੀਆ ਕੱਪੜਾ ਤੁਹਾਨੂੰ ਕਿਤੇ ਵੀ ਨਹੀਂ ਮਿਲਦਾ।
ਹਰ ਹਫ਼ਤੇ ਨਵੇਂ ਰੰਗ ਤੇ ਡੀਜ਼ਾਈਨ, ਖੁੱਲ੍ਹਾ ਡੁੱਲ੍ਹਾ ਮਨ-ਪਸੰਦ ਕੱਪੜਾ, ਪਰਖੋ ਤੇ ਦੇਖੋ,

## ਸ਼ਿਅਰ

ਮਹਿੰਦਰ ਦਰਦ

ਰੋਸ਼ਨੀ ਦਾ ਢੋਲ ਪਿੱਟਣ ਵਾਲਿਓ
ਰੋਸਨੀ ਨੂੰ ਕਤਲ ਕਿਉਂ ਕਰਦੇ ਹੋਂ ਯਾਰ
ਖ਼ੂਨ ਲੈਕੇ ਰੋਸ਼ਨੀ ਤੇ ਰੂਪ ਦਾ
ਕਾਲਖ਼ਾਂ ਦੀ ਮਾਂਗ ਕਿਉਂ ਭਰਦੇ ਹੋਂ ਯਾਰ ●

## ਰੁਬਾਈਆਂ

ਡਾ: ਫਕੀਰ

ਮਜ਼ੁਬ ਦੇ ਆਗੂ ਬਣੇ ਨੇ ਚਮ ਚੀਰਾਂ ਵਾਂਗਰਾਂ
ਮੰਨਿਆ ਲੋਕਾਂ ਨੇ ਬੇ-ਪੀਰਾਂ ਨੂੰ ਪੀਰਾਂ ਵਾਂਗਰਾਂ
ਮੌਲਵੀ ਤਲਵਾਰ ਦੇ ਵਾਂਗੂ ਚਲਾਇਆ ਏ ਕੁਰਾਨ
ਵੇਦ ਪੰਡਤ ਨੇ ਚਲਾਏ ਤੇਜ਼ ਤੀਰਾਂ ਵਾਂਗਰਾਂ

ਵਾਹੰਦਾ ਏ ਉਹ ਪਿੰਡ ਦਾ ਖੂਹ ਚੋਧਰੋਂ ਨਹੀਂ ਹਾਰਦਾ
ਇਹ ਹੈ ਮਸਜਦ ਪਿੰਡ ਦੀ ਵਾਹੰਦਾ ਤੇ ਬੰਦੇ ਚਾਰਦਾ
ਜੱਟ ਤੇ ਮੁਲਾਂ ਦੇ ਵਿਚ ਨਹੀਂ ਫ਼ਰਕ ਤਿਲ ਜਿਨਾਂ ਫ਼ਕੀਰ
ਜੱਟ ਹੈ ਕਹੀਆਂ ਮਾਰਦਾ ਮੁਲਾਂ ਹੈ ਆਇਤਾਂ ਮਾਰਦਾ

ਪੂਜਾ ਨਾਲ ਇਬਾਦਤ ਰਲਕੇ, ਚਾੜ੍ਹ ਚੰਨ ਚੁਫੇਰੇ ਨੇ
ਸਾਜ਼ ਫ਼ਸਾਦ ਵਜਾਏ ਮਜ਼੍ਹਬਾਂ, ਕਰਦੇ ਨਾਚ ਹਨੇਰੇ ਨੇ
ਸੂਕੇ ਕਥਾ ਸੁਰਲੀਆਂ ਵਾਂਗੂ, ਚੱਲਣ ਵਾਂਗ ਅਨਾਰਾਂ ਵਾਅਜ਼
ਬਣੇ ਮਸੀਤਾਂ ਮੰਦਰ ਅੱਜ, ਬਾਰੂਦ-ਗਰਾਂ ਦੇ ਡੇਰੇ ਨੇ

ਲਾਹੋ ਪਏ ਉੱਕਾ ਸ਼ਰਮ ਦੀ ਮੂੰਹ ਤੋਂ ਲੋਈ ਤੁਸੀਂ
ਆਵੇ ਜੋ ਵਿਚ ਮਨ ਦੇ ਕਰੋ ਪਏ ਸੋਈ ਤੁਸੀਂ
ਮਜ਼੍ਹਬਾਂ ਦਾ ਨਾਮ ਲੈ ਕੇ ਹੋ ਲੜਦੇ ਖ਼ੁਦਾ ਲਈ
ਪਹਿਲਾਂ ਖ਼ੁਦਾ ਦਾ ਮਜ਼੍ਹਬ ਤੇ ਦਸੋ ਕੋਈ ਤੁਸੀਂ

ਭੱਠੀਆਂ ਵਿਚ ਬੇਗੁਨਾਹ ਗਲਦੇ ਨੇ ਪਏ
ਆਪਣੇ ਸਿੱਕੇ ਨਵੇਂ ਢਲਦੇ ਨੇ ਪਏ
ਬਸਤੀਆਂ ਸੜਕੇ ਸਵਾਹ ਹੋਈਆਂ ਫ਼ਕੀਰ
ਮਜ਼੍ਹਬ ਬੰਬਾਂ ਵਾਂਗਰਾਂ ਚਲਦੇ ਨੇ ਪਏ ●

## ਦੁਨੀਆਂ ਦੇ ਕਲਾਕਾਰੋ

ਗੁਰਦਿਤ ਸਿੰਘ ਕੁੰਦਨ

ਦੁਨੀਆਂ ਦੇ ਕਲਾਕਾਰੋ ! ਜ਼ਿੰਦਗੀ ਦੇ ਸ਼ਾਹ ਸਵਾਰੋ !!

ਖ਼ਾਮੋਸ਼ੀਆਂ ਨੂੰ ਕੋਈ ਗੀਤਾਂ ਦਾ ਇਸ਼ਕ ਲਾਈਏ
ਇਨਸਾਨੀਅਤ ਦਾ ਮੰਦਰ ਸੰਸਾਰ ਨੂੰ ਬਣਾਈਏ
ਜਿਸ ਦੀ ਹਵਾ 'ਚੋਂ ਡੁਲ੍ਹਦਾ ਕੋਈ ਖ਼ੁਮਾਰ ਹੋਵੇ
ਆਇਆ ਮੁਹੱਬਤਾਂ ਵਿਚ ਜਿਥੇ ਨਿਖਾਰ ਹੋਵੇ
ਜਿਥੋਂ ਦੀ ਧਰਤ ਕੁੰਦਨ ਚੰਦੇ ਸਮਾਨ ਹੋਵੇ
ਸੂਰਜ ਦਾ ਕਲਸ ਜਿਸ ਦੀ ਸੋਭਾ ਤੇ ਸ਼ਾਨ ਹੋਵੇ
ਭੂਚਾਲ ਕੋਈ ਜਿਸ ਨੂੰ ਆ ਕੇ ਹਿਲਾ ਸਕੇ ਨਾ
ਮਹਿਮੂਦ ਕੋਈ ਪਾਗਲ ਗੁੱਸੇ 'ਚ ਢਾ ਸਕੇ ਨਾ
ਝੁਕ ਜਾਣ ਆਣ ਜਿਥੇ ਭਗਵਾਨ ਵੀ ਸਮੇਂ ਦੇ
ਹੋ ਜਾਣ ਸ਼ਾਂਤ ਜਿਥੇ ਤੂਫ਼ਾਨ ਵੀ ਸਮੇਂ ਦੇ ।

ਦੁਨੀਆਂ ਦੇ ਕਲਾਕਾਰੋ ! ਜ਼ਿੰਦਗੀ ਦੇ ਸ਼ਾਹ ਸਵਾਰੋ !!

ਆਓ ! ਨਵਾਂ ਬਣਾਈਏ ਇਨਸਾਨੀਅਤ ਦਾ ਮੰਦਰ
ਅਜ਼ਲਾਂ ਦੀ ਸਾਂਝ ਜਾਗੇ ਸੁੱਤੀ ਦਿਲਾਂ ਦੇ ਅੰਦਰ
ਪੱਛਮ ਨੂੰ ਦੇਣ ਚਾਨਣ ਪੂਰਬ ਦੀਆਂ ਸ਼ੁਆਵਾਂ
ਦੱਖਣ ਦੇ ਦਿਲ ਨੂੰ ਠਾਰਨ ਉੱਤਰ ਦੀਆਂ ਹਵਾਵਾਂ
ਮੰਜ਼ਲ ਹੀ ਸਮਝਿਆ ਹੈ ਜਿਸਨੂੰ ਸਮੇਂ ਦੇ ਰਾਹੀਆਂ
ਉਸ ਥਾਂ ਖਿਲਰੀਆਂ ਨੇ ਹਰ ਕਦਮ ਤੇ ਤਬਾਹੀਆਂ
ਮੁਸ਼ਕਿਲ ਹੈ ਇਕ ਦੇ ਘਰ ਦੂਜੇ ਦਾ ਪੈਰ ਪਾਣਾ
ਸੌਖਾ ਹੈ ਚੰਦ ਉਤੇ ਲੋਕਾਂ ਦਾ ਪਹੁੰਚ ਜਾਣਾ
ਦੁਨੀਆਂ ਜੇ ਇਕ ਵਿਹੜਾ ਹੋਵੇ ਪਿਆਰ ਅੰਦਰ
ਮਿੱਟੀ ਵੀ ਮੌਲ ਉੱਠੇ ਇਹਦੀ ਬਹਾਰ ਅੰਦਰ ।

ਜੇਕਰ ਮਨੁੱਖਤਾ ਹੀ ਮਜ਼੍ਹਬ ਤੇ ਦੀਨ ਹੋਵੇ
ਇਹ ਰੂਪ-ਹੀਣ ਦੁਨੀਆਂ ਕਿਨੀਂ ਹੁਸੀਨ ਹੋਵੇ । ●


ਵਤਨੋਂ ਦੂਰ ਆਰਟ ਫਾਊਂਡੇਸ਼ਨ
ਦੀ
ਪਹਿਲੀ ਪੇਸ਼ਕਸ਼

'ਵਤਨੋਂ ਦੂਰ
ਵਰਾਇਟੀ ਸ਼ੋਅ'

12 ਮਈ, ਦੁਪਹਿਰ 2.30 ਵਜੇ
ਕਿਲਾਰਨੀ ਸੈਕੰਡਰੀ ਸਕੂਲ
ਵਿਚ

Phone: 874-5403, 873-3187

ਹਿੰਦੋਸਤਾਨੀ ਕਮਿਊਨਿਟੀ ਦਾ
ਹਫ਼ਤਾਵਾਰੀ ਅਖ਼ਬਾਰ

ਲੋਕ
ਆਵਾਜ਼

ਪੜ੍ਹੋ।

P.O. BOX 67617,
STATION 'O'
VANCOUVER-16.
B.C.

MOVIES FOREIGN EXCHANGE CONCERT

SIHOTA DISTRIBUTORS

MANAGER KARTAR SINGH AHLUWALIA

3483 KINGSWAY,
VANCOUVER, B.C.,
CANADA. V5R 5L5.

PHONE:
438-1304
324-2557

# ਜਦੋਂ ਮੁਰਦੇ ਬੋਲਦੇ ਨੇ

ਦੇਵਿੰਦਰ ਦੀਦਾਰ



......ਤੇ ਅਜ ਫੇਰ ਉਸ ਨੂੰ ਕਬਰਾਂ ਫਰੋਲਣ ਜਾਣਾ ਪਿਆ । ਘਰ ਵਿਚ ਤਿੰਨਾਂ ਦਿਨਾਂ ਤੋਂ ਕੁਝ ਨਹੀਂ ਸੀ ਪੱਕਾ । ਖਾਣਾ ਪਕਾਉਣ ਵਾਲੇ ਬਰਤਣ ਵੀ ਘਰ ਦਿਆ ਨੂੰ ਖਾਣ ਪੈ ਰਹੇ ਸਨ । ਉਸ ਦਾ ਜਦੋਂ ਵੀ ਕਿਧਰੇ ਹੋਰ ਨਾ ਸਰਦਾ ਤਾਂ ਤਾਂ ਉਹ ਕਬਰਾਂ ਪੁਟ ਕੇ ਜੋ ਕੁਝ ਵੀ ਉਸ ਵਿੱਚੋਂ ਲਭਦਾ ਉਸ ਨੂੰ ਵੇਚ ਵੱਟ ਕੇ ਦੋ ਤਿੰਨ ਡੰਗ ਟਪਾ ਲੈਂਦਾ ।

ਉਹ ਇਕ ਚੰਗੇ ਘਰ ਦਾ ਜੰਮ ਪਲ ਸੀ । ਅਜੇ ਉਹ ਕਾਲਿਜ ਵਿਚ ਹੀ ਪੜ੍ਹਦਾ ਸੀ ਕਿ ਉਸ ਦੇ ਪਿਤਾ ਦੀ ਮੌਤ ਹੋ ਗਈ । ਪੜ੍ਹਾਈ ਛੱਡ ਕੇ ਉਹ ਨੌਕਰੀ ਦੀ ਤਲਾਸ਼ ਵਿਚ ਲਗ ਗਿਆ । ਪਰ ਦਰ ਦਰ ਤੇ ਭਟਕਣ ਬਾਦ ਵੀ ਨੌਕਰੀ ਵਰਗੀ ਕੋਈ ਚੀਜ਼ ਨਾ ਮਿਲੀ । ਦਸ ਜੀ ਘਰ ਸਨ ਖਾਣ ਵਾਲੇ ਤੇ ਕਮਾਉਣ ਦੇ ਕਾਬਲ ਸਿਰਫ਼ ਉਹ ਸੀ ਜਿਸ ਨੂੰ ਕੋਈ ਨੌਕਰੀ ਨਹੀਂ ਸੀ ਮਿਲ ਰਹੀ ! ਕੁਝ ਚਿਰ ਤਾਂ ਘਰ ਦੀਆਂ ਚੀਜ਼ਾਂ ਵੇਚ ਕੇ ਗੁਜ਼ਾਰਾ ਚਲਦਾ ਰਿਹਾ ਪਰ ਛੇਤੀ ਹੀ ਤੰਗੀ ਨੇ ਆਣ ਘੇਰਿਆ ।

ਬਿਜਲੀ ਦਾ ਬਿਲ ਨਾ ਤਾਰਿਆ ਤਾਂ ਕਨੈਕਸ਼ਨ ਕਟ ਦਿੱਤਾ ਗਿਆ । ਪਾਣੀ ਦਾ ਬਿਲ ਨਾ ਤਾਰਿਆ ਗਿਆ ਤਾਂ ਕਮੇਟੀ ਵਾਲਿਆਂ ਨੇ ਪਾਣੀ ਕਟ ਦਿਤਾ । ਛੋਟੇ ਭੈਣ ਭਰਾਵਾਂ ਨੂੰ ਫੀਸ ਨਾ ਮਿਲੀ, ਉਨ੍ਹਾਂ ਦਾ ਨਾਂ ਸਕੂਲ 'ਚੋਂ ਕਟਿਆ ਗਿਆ । ਘਰ ਦੀ ਹਾਲਤ ਦਿਨੋ ਦਿਨ ਖ਼ਸਤਾ ਹੁੰਦੀ ਜਾ ਰਹੀ ਸੀ । ਇਕ ਦਿਨ ਉਸ ਨੂੰ ਉਸ ਦਾ ਇਕ ਦੋਸਤ ਮਿਲਿਆ ਤਾਂ ਉਸ ਨੂੰ ਪਹਿਚਾਣ ਤਕ ਨਾ ਸਕਿਆ ।

"ਤੁਹਾਡਾ ਨਾਂ ਵੇਦ ਪ੍ਰਕਾਸ਼ ਏ ?" ਗਲ ਵੀ ਠੀਕ ਸੀ । ਉਹ ਹੁਣ ਉਹ ਵੇਦ ਪ੍ਰਕਾਸ਼ ਨਹੀਂ ਸੀ ਰਿਹਾ ਜੋ ਕਾਲਜ ਦੇ ਜ਼ਮਾਨੇ ਵਿਚ ਹੁੰਦਾ ਸੀ । ਬੇ-ਚਮਕ ਅੱਖਾਂ ਵਿਚ ਹੀ ਵੜ ਗਈਆਂ ਸਨ । ਪੜ੍ਹਾਈ ਵਿੱਚੋਂ ਸਭ ਤੋਂ ਜ਼ਿਆਦਾ ਨੰਬਰ ਲੈਣ ਵਾਲਾ ਅਥਲੀਟ ਮੁੰਡਾ ਇੰਜ ਲਗ ਰਿਹਾ ਸੀ ਜਿਵੇਂ ਕਾਨੇ ਦੀਆਂ ਲੱਤਾਂ ਤੇ ਗੱਤੇ ਦਾ ਮਾੜਾ ਜਿਹਾ ਧੜ ਟਿਕਾ-ਇਆ ਹੋਵੇ ।

"ਇਹ ਕੀ ਹਾਲਤ ਬਣਾ ਰੱਖੀ ਊ, ਕੀ ਗਲ ਕੋਈ ਨੌਕਰੀ ਨਹੀਂ ਮਿਲੀ ?"

"ਨੌਕਰੀ......" ਉਸ ਨੂੰ ਇੰਜ ਲਗਾ ਜਿਵੇਂ ਕੋਈ ਅਣਹੋਣੀ ਗਲ ਕਹਿ ਦਿੱਤੀ ਹੋਵੇ । ਫੇਰ ਮਰੀ ਜਿਹੀ ਅਵਾਜ਼ ਵਿਚ ਬੋਲਿਆ "ਤੂੰ ਆਪਣੀ ਸੁਣਾ......।"

"ਮੈਨੂੰ ਤਾਂ ਉਸ ਵਕਤ ਹੀ ਨੌਕਰੀ ਮਿਲ ਗਈ ਸੀ ।" ਉਸ ਦੇ ਦੋਸਤ ਨੇ ਕਹਿਣਾ ਸ਼ੁਰੂ ਕੀਤਾ । "ਸਾਡੇ ਰਿਸ਼ਤੇਦਾਰਾਂ ਵਿੱਚੋਂ ਪਿੱਛੇ ਜਹੇ ਇਕ ਜਣਾ ਕੁਝ ਚਿਰ ਲਈ ਮਨਿਸਟਰ ਰਿਹਾ ਸੀ—ਤੇ ਸਾਡੇ ਸਾਕਾਂ ਵਿੱਚੋਂ ਜਿਸ ਨੇ ਵੀ ਸਕੂਲ ਵਰਗੀ ਚੀਜ਼ ਦਾ ਮੂੰਹ ਵੇਖਿਆ ਸੀ ਸਾਰੇ ਦੇ ਸਾਰੇ ਸਰਕਾਰੀ ਮੁਲਾਜ਼ਮ ਬਣ ਗਏ ।"

ਜਦੋਂ ਘਰ ਦਾ ਆਖ਼ਰੀ ਭਾਂਡਾ ਵੀ ਵਿਕ ਗਿਆ ਤੇ ਨੌਕਰੀ ਫੇਰ ਵੀ ਕਿਤੇ ਨਸੀਬ ਨਾ ਹੋਈ ਤਾਂ ਉਸ ਨੇ ਆਪਣੇ ਦੋਸਤ ਨੂੰ ਬਹੁਤ ਲਭਿਆ ।

o o o o

ਇਕ ਦਿਨ ਅਖ਼ਬਾਰ ਦੀ ਇਕ ਸੁਰਖੀ ਤੇ ਉਸ ਦੀ ਨਜ਼ਰ ਟਿਕ ਗਈ । "......ਚਰਚ ਲਾਗੋਂ ਇਕ ਨਵ-ਵਿਆਹੁਤਾ ਦੀ ਕਬਰ ਪੁਟ ਕੇ ਚੋਰ ਉਸ ਨਾਲ ਦਬਿਆ ਗਹਿਣਾ ਗੱਟਾ ਪੁਟ ਕੇ ਲੈ ਗਏ ।" ਉਹ ਇਹ ਸੋਚਣ ਲਈ ਮਜਬੂਰ ਹੋ ਗਿਆ ਕਿ ਗਹਿਣਾ-ਗੱਟਾ ਪੁੱਟਣ ਵਾਲੇ ਚੋਰ ਕਿਸ ਤਰ੍ਹਾਂ ਹੋ ਗਏ ਅਸਲੀ ਚੋਰ ਤਾਂ ਜ਼ੇਵਰ ਦਬਾਣ ਵਾਲੇ ਨੇ ਜੋ ਜ਼ਰੂਰਤ-ਮੰਦ ਗ਼ਰੀਬ ਨੂੰ ਦੇਣ ਦੀ ਥਾਂ ਇਸ ਨੂੰ ਜ਼ਮੀਨ ਵਿਚ ਦਬਾ ਦਿੰਦੇ ਨੇ । ਉਸ ਦਿਨ ਤੋਂ ਉਸ ਨੇ ਵੀ ਕਬਰਾਂ ਫਰੋਲ-ਣੀਆਂ ਸ਼ੁਰੂ ਕਰ ਦਿੱਤੀਆਂ ।

ਕਬਰ ਅਜੇ ਪੂਰੀ ਨਹੀਂ ਸੀ ਪੁੱਟੀ ਗਈ ਕਿ ਉਸ ਨੂੰ ਲਗਾ ਜਿਵੇਂ ਕਬਰ 'ਚੋਂ ਮੁਰਦਾ ਉਠ ਕੇ ਬੈਠ ਗਿਆ ਹੋਵੇ ਤੇ ਫੇਰ ਬੋਲਣ ਲਗ ਪਿਆ ਹੋਵੇ ।

"ਮੈਂ ਇਕ ਹਿੰਦੂ ਪਰਿਵਾਰ ਨਾਲ ਸੰਬੰਧਿਤ ਹਾਂ ।

MOVIES FOREIGN EXCHANGE CONCERT
SIHOTA DISTRIBUTORS
MANAGER KARTAR SINGH AHLUWALIA
3483 KINGSWAY, VANCOUVER, B.C., CANADA. V5R 5L5-
PHONE: 438-1304 324-2557

ਕਾਲਿਜ ਵਿਚ ਅਚਾਨਕ ਮੇਰੀ ਦੋਸਤੀ ਇਕ ਈਸਾਈ ਕੁੜੀ ਨਾਲ ਹੋ ਗਈ। ਕੁੜੀ ਭਾਵੇਂ ਜ਼ਿਆਦਾ ਅਮੀਰ ਘਰ ਦੀ ਨਹੀਂ ਸੀ ਪਰ ਸੀ ਖ਼ੂਬਸੂਰਤ ਤੇ ਗੱਲ ਸ਼ਾਦੀ ਤਕ ਅੱਪੜ ਗਈ। ਉਸ ਨੇ ਇਕ ਸ਼ਰਤ ਰੱਖੀ ਜਿਸ ਦੀ ਮੇਰੀਆਂ ਨਜ਼ਰਾਂ ਵਿਚ ਕੋਈ ਕੀਮਤ ਨਹੀਂ ਸੀ।

ਇਸ ਤਰ੍ਹਾਂ ਮੈਂ ਹਿੰਦੂ ਤੋਂ ਈਸਾਈ ਹੋ ਗਿਆ। ਪ੍ਰੇਮਕਾ ਤੇ ਪਤਨੀ ਦਾ ਕੀ ਫ਼ਰਜ਼ ਹੁੰਦਾ ਏ, ਇਹ ਮੈਂ ਸ਼ਾਦੀ ਦੇ ਬਾਦ ਹੀ ਸਮਝ ਸਕਿਆ ਸਾਂ। ਮੈਂ ਉਸ ਨੂੰ ਨੌਕਰੀ ਨਹੀਂ ਸੀ ਕਰ-ਵਾਉਣਾ ਚਾਹੁੰਦਾ। ਇਸ ਕਰ ਕੇ ਨਹੀਂ ਕਿ ਮੈਂ ਅਗਾਂਹ-ਵਧੂ ਖ਼ਿਆਲਾਂ ਦਾ ਨਹੀਂ ਸਾਂ ਸਗੋਂ ਮੈਨੂੰ ਆਪਣੇ ਸਮਾਜ ਦੇ ਬਘਿਆੜਾਂ ਦਾ ਪਤਾ ਏ ਜੋ ਲੰਡਰ ਕੁੱਤਿਆਂ ਵਾਂਗ ਔਰਤ ਦੀ ਮਜਬੂਰੀ ਲਭਦੇ ਫਿਰਦੇ ਨੇ। ਮੈਨੂੰ ਕਿਧਰੇ ਨੌਕਰੀ ਨਹੀਂ ਸੀ ਮਿਲ ਰਹੀ ਤੇ ਘਰ ਵਿਚ ਭੰਗ ਭੁਝਣ ਲਗ ਪਈ।

ਅਖ਼ੀਰ ਮੈਂ ਆਪਣੀ ਘਰ ਵਾਲੀ ਨੂੰ ਨੌਕਰੀ ਕਰਨ ਦੀ ਇਜਾਜ਼ਤ ਦੇ ਹੀ ਦਿਤੀ......ਪਰ ਜਿਸ ਥਾਂ ਵੀ ਉਹ ਜਾਂਦੀ ਨੌਕਰੀ ਤੋਂ ਪਹਿਲਾਂ ਉਸ ਦੇ ਖ਼ੂਬਸੂਰਤ ਜਿਸਮ ਦੀ ਤੇ ਬੈਡ-ਰੂਮ ਦੀ ਗਲ ਜ਼ਰੂਰ ਛਿੜਦੀ।

"ਇਕ ਕਾਰਖ਼ਾਨੇਦਾਰ ਨੇ ਪੰਝੀ ਹਜ਼ਾਰ ਦੀ ਥੈਲੀ ਇਕ ਮੰਦਰ ਨੂੰ ਭੇਟ ਕੀਤੀ!" ਇਸ ਖ਼ਬਰ ਨੇ ਮੈਨੂੰ ਇਕ ਨਵੀਂ ਹੀ ਸੋਚ ਦਿੱਤੀ। ਮੰਦਰ ਵਿਚ ਪੱਥਰ ਦੇ ਭਗਵਾਨ ਨੇ ਭਲਾ ਏਨੇ ਪੈਸੇ ਕੀ ਕਰਨੇ ਨੇ। ਸਾਡੇ ਆਪਣੇ ਘਰ ਵੀ ਕਈ ਵਾਰ ਮੇਰੀ ਮਾਂ ਸਾਡੇ ਮੂੰਹੋਂ ਰੋਟੀ ਖੋਹ ਇਸ ਪੱਥਰ ਦੀ ਮੂਰਤ ਨੂੰ ਕਾਫੀ ਚੰਗਾ ਚੋਖਾ ਖਵਾਉਣ ਜਾਂਦੀ ਸੀ। ਉਸ ਵਕਤ ਮੈਂ ਸਮਝਦਾ ਸਾਂ ਕਿ ਭਗਵਾਨ ਸ਼ਾਇਦ ਸੁੱਕੀ ਸਿੱਧੀ ਨਹੀਂ ਖਾ ਸਕਦਾ। ਫੇਰ ਵੀ ਉਹ ਰਬ ਸੀ। ਇਸੇ ਕਰ ਕੇ ਮਿੱਠੀਆਂ ਥਿੰਦੀਆਂ ਮਿਲਦੀਆਂ ਨੇ।......

......ਮੈਂ ਵੀ ਮੰਦਰ ਜਾਣਾ ਸ਼ੁਰੂ ਕਰ ਦਿੱਤਾ। ਮੈਂ ਉਸ ਵਕਤ ਮੰਦਰ ਜਾਂਦਾ ਜਦੋਂ ਉੱਥੇ ਕੋਈ ਨਹੀਂ ਹੁੰਦਾ। ਪਹਿਲਾਂ ਮੈਂ ਮੂਰਤੀ ਅਗੇ ਰੁਕ ਕੇ ਆਪਣੇ ਮਨ ਦੀ ਭੜਾਸ ਕਢਦਾ "ਭਗਵਾਨ, ਇਹ ਸਭ ਜਾਣਦੇ ਨੇ ਕਿ ਤੂੰ ਇਕ ਪੱਥਰ ਦੀ ਮੂਰਤ ਏਂ, ਨਾ ਕੁਝ ਖਾ ਸਕਦਾ ਏਂ ਤੇ ਨਾ ਕੁਝ ਪੀ ਸਕਦਾ ਏਂ, ਨਾ ਤੈਨੂੰ ਠੰਡ ਲਗਦੀ ਏ ਤੇ ਨਾ ਭੁੱਖ ਪਰ ਫੇਰ ਵੀ ਤੇਰੇ ਤੇ ਗਰਮ ਤੇ ਰੇਸ਼ਮੀ ਕਪੜੇ ਪਾਏ ਜਾਂਦੇ ਨੇ ਤੇ ਅਨੇਕਾਂ ਵੰਨ ਸਵੰਨੇ ਖਾਣਿਆਂ ਦੇ ਭੋਗ ਲਵਾਏ ਜਾਂਦੇ ਨੇ ਜਦੋਂ ਕਿ ਹੱਡ ਮਾਸ ਦੇ ਬਣੇ ਮਨੁੱਖ ਨੰਗੇ ਤੇ ਭੁੱਖੇ ਫਿਰ ਰਹੇ ਨੇ ਜਿਨ੍ਹਾਂ ਨੂੰ ਇਨ੍ਹਾਂ ਸਭ ਚੀਜ਼ਾਂ ਦੀ ਸਖ਼ਤ ਜ਼ਰੂਰਤ ਏ। ਪਤਾ ਨਹੀਂ ਕਦੋਂ ਕੁ ਦੇ ਇਹ ਸ਼ੈਤਾਨ ਤਬਕਾ ਲੋਕ ਤੇਰੇ ਨਾਂ ਦੀ ਆੜ ਲੈ ਕੇ ਦੁਨੀਆ ਨੂੰ ਲੁਟ ਰਹੇ ਨੇ। ਉਹ ਖ਼ੁਦ ਸਮਝਦੇ ਨੇ ਕਿ ਤੂੰ ਪੱਥਰ ਦੀ ਮੂਰਤ ਤੋਂ ਵਧ ਕਝ ਨਹੀਂ ਏਂ, ਨਾ ਕਿਸੇ ਆਈ ਬਲਾ ਨੂੰ ਟਾਲ ਸਕਦਾ ਏਂ ਤੇ ਨਾ ਹੀ ਕਿਧਰੇ ਹੋ ਰਹੇ ਜ਼ੁਲਮ ਨੂੰ ਰੋਕ ਸਕਦਾ ਏਂ। ਕੀ ਤੂੰ ਦਸ ਸਕਦਾਂ ਏਂ ਕਿ ਤੇਰੀ ਮੂਰਤ ਦੇ ਪਰਛਾਵੇਂ ਥੱਲੇ ਕਿੰਨੀਆਂ ਮਾਸੂਮਾਂ ਦੀ ਇੱਜ਼ਤ ਰੁਲੀ ਏ, ਕਦੋਂ ਤੋਂ ਇਹ ਪੁਜਾਰੀ ਦਸਵੰਧ ਦਾ ਢੌਂਗ ਰਚਾ ਕੇ ਗ਼ਰੀਬ ਮਜ਼ਦੂਰ-ਕਿਸਾਨ ਨੂੰ ਲੁਟ ਰਹੇ ਨੇ। ਜੋ ਅਮੀਰ ਤੇਰੇ ਅੱਗੇ ਥੈਲੀਆਂ ਧਰਦੇ ਨੇ ਉਹ ਪੈਸਾ ਉਨ੍ਹਾਂ ਦੀ ਹਕ ਦੀ ਕਮਾਈ ਦਾ ਹੁੰਦਾ ਏ? ਮੈਨੂੰ ਪਤਾ ਏ ਤੂੰ ਕੁਝ ਨਹੀਂ ਦਸ ਸਕਦਾ। ਨਾ ਮੈਂ ਤੇਰੀ ਕਿਸੇ ਕਰਾਮਾਤ ਤੋਂ ਡਰਦਾ ਹਾਂ ਤੇ ਨਾ ਤੇਰੇ ਪੁਜਾਰੀਆਂ ਦੇ ਸਰਾਪ ਤੋਂ। ਇਹ ਜੋ ਤੇਰੇ ਚੁਫੇਰ ਚੀਜ਼ਾਂ ਨੇ ਤੇ ਤੇਰ ਤੇ ਕੀਮਤੀ ਕਪੜੇ ਨੇ ਤੇਰੇ ਕਿਸੇ ਕੰਮ ਨਹੀਂ ਤੇ ਮੈਨੂੰ ਕੁਝ ਦਿਨਾਂ ਲਈ ਸੌਖੀ ਰੋਟੀ ਦੇ ਸਕਦੀਆਂ ਨੇ ਲੈ ਜਾ ਰਿਹਾ ਹਾਂ। ਜੇ ਤੇਰੇ ਵਿਚ ਹਿੰਮਤ ਏ ਤਾਂ ਮੈਨੂੰ ਰੋਕ ਲੈ......।"

"ਇਸੇ ਤਰ੍ਹਾਂ ਮੈਂ ਬਹੁਤ ਚਿਰ ਮੰਦਰ ਤੇ ਗੁਰਦਵਾਰਿਆਂ ਵਿਚ ਪਈਆ ਚੀਜ਼ਾਂ ਚੁਕਦਾ ਰਿਹਾ। ਨਾ ਕਿਸੇ ਰਬ ਨੇ ਮੈਨੂੰ ਰੋਕਿਆ ਤੇ ਨਾ ਹੀ ਕਿਸੇ ਪੁਜਾਰੀ ਦੇ ਸਰਾਪ ਨੇ ਮੈਨੂੰ ਅੰਨ੍ਹਿਆਂ ਕੀਤਾ ਤੇ ਸਾਡੇ "ਰਬ ਆਸਰੇ" ਦਿਨ ਵਧੀਆ ਕਟਣ ਲਗੇ। ਪਰ ਇਕ ਦਿਨ ਕੁਝ ਅੰਧ-ਵਿਸ਼ਵਾਸੀ ਲੋਕਾਂ ਨੇ ਮੇਰਾ ਪਿੱਛਾ ਕੀਤਾ ਤੇ ਸਾਰਿਆ ਨੇ ਕੁੱਟ ਕੁੱਟ ਕੇ ਮੈਨੂੰ ਮਾਰ ਦਿੱਤਾ...।"

ਤੇ ਉਹ ਮੁਰਦਾ ਉਸ ਨੂੰ ਇੰਜ ਲਗਾ ਜਿਵੇਂ ਫੇਰ ਸੌਂ ਗਿਆ ਹੋਵੇ। ਉਸ ਕਬਰ 'ਚੋਂ ਉਸ ਦੇ ਕੁਝ ਵੀ ਹਥ ਨਾ ਲਗਾ ਤੇ ਉਸ ਨੇ ਦੂਸਰੀ ਕਬਰ ਫਰੋਲਣੀ ਸ਼ੁਰੂ ਕਰ ਦਿਤੀ।

o o o o

ਹਨੇਰੀ ਰਾਤ ਦੀ ਹਰ ਧੜਕਣ ਉਸ ਨੂੰ ਡੰਗ ਰਹੀ ਸੀ ਚਾਰ ਚੁਫੇਰੇ ਦੀ ਖ਼ਾਮੋਸ਼ੀ ਵਿਚ ਕਬਰ ਪੁਟ ਰਿਹਾ ਰੰਬਾ ਅਜੀਬ ਜਿਹਾ ਸ਼ੋਰ ਕਰ ਰਿਹਾ ਸੀ। ਅਚਾਨਕ ਉਸ ਨੂੰ ਮਹਿਸੂਸ ਹੋਇਆ ਕਿ ਉਹ ਮੁਰਦਾ ਵੀ ਉਸ ਨਾਲ ਗੱਲਾਂ ਕਰ ਰਿਹਾ ਏ:

"ਮੈਂ ਇਸੇ ਸ਼ਹਿਰ ਦੇ ਇਕ ਧੰਨਵਾਨ ਬਾਪ ਦਾ ਬੇਟਾ ਹਾਂ। ਮੇਰਾ ਪਿਤਾ ਸਿਰਫ਼ ਅਮੀਰ ਹੋਣ ਦੇ ਨਾਤੇ ਹੀ ਲੀਡਰ ਏ ਤੇ ਸਮਾਜ-ਸੁਧਾਰਕ ਦਾ ਖ਼ਿਤਾਬ ਉਸ ਨੇ ਪੈਸਿਆਂ ਨਾਲ ਖ਼ਰੀਦਿਆ ਹੋਇਆ ਏ ਪਰ ਅੰਦਰੂਨੀ ਤੌਰ ਤੇ ਉਹ ਇਕ ਬਲੈਕ ਮੇਲਰ ਤੇ ਰਿਸ਼ਵਤ ਖ਼ੋਰ ਆਦਮੀ ਏ। ਉਹ ਆਪਣੀ "ਕਮਾਈ" ਵਿੱਚੋਂ ਕੁਝ ਪੈਸੇ ਕਿਸੇ ਮੰਦਰ ਨੂੰ ਦਾਨ ਤੇ ਸਮਾਜ-ਸੁਧਾਰ-ਸੰਸਥਾ ਨੂੰ ਜ਼ਰੂਰ ਚੰਦਾ ਦਿੰਦਾ ਏ। ਇਸ ਬਦਲੇ ਉਹ ਈਮਾਨਦਾਰ ਤੇ ਦਇਆਵਾਨ ਕਰਕੇ ਪੁਕਾਰਿਆ ਜਾਂਦਾ ਏ। ਲੋਕ ਉਸ ਨੂੰ ਪੂਜਣ ਤਕ ਲਗ ਪਏ ਹਨ। ਉਸ ਦਾ ਕਿਸੇ ਹੋਰ ਕੋਲੋਂ ਲਿਖਵਾਇਆ ਭਾਸ਼ਨ ਸੁਣਨ ਲਈ ਲੋਕ ਕੀੜੀਆਂ ਕਾਢਿਆਂ ਵਾਂਗ ਇਕੱਠੇ ਹੋਣ ਲਗ ਪਏ ਹਨ। ਪਰ ਮੈਂ ਉਸ ਦੀ ਅਸਲੀਅਤ ਨੂੰ ਜਾਣਦਾ ਸਾਂ। ਮੈਂ ਜਦੋਂ ਵੀ ਉਸ ਨੂੰ ਤਕੜੀ ਦੇ ਦੋਵੇਂ ਪਾਸੇ ਵੇਖਣ ਲਈ ਆਖਦਾ ਤਾਂ ਉਹ ਆਕੜੇ ਨੋਟ ਵਾਂਗ ਮੁਸਕਰਾ ਕਿ ਕਹਿੰਦਾ:

"ਬੇਟੇ ਪਾਪ ਨਾਲੋਂ ਅੱਧਾ ਪੁੰਨ ਖੱਟ ਲਈਏ ਤਾਂ ਹਿਸਾਬ ਬਰਾਬਰ ਹੋ ਜਾਂਦਾ ਏ।" ਮੈਂ ਉਸ ਦੀ ਸਿੱਧੇ ਤੌਰ ਤੇ ਮੁਖ਼ਾਲਫ਼ਤ ਸ਼ੁਰੂ ਕਰ ਦਿੱਤੀ। ਮੈਂ ਉਸ ਦੇ ਕਾਲੇ ਧੰਨ ਦੀ ਥਾਂ-ਥਾਂ ਚਰਚਾ ਸ਼ੁਰੂ ਕਰ ਦਿੱਤੀ। ਉਹ ਮਾਂ ਤੋਂ ਬਿਨਾਂ ਬਾਕੀ ਰੱਖੀਆਂ ਰਖੇਲਾਂ ਦੀ ਮਿੱਟੀ ਪੁਟਦਾ—ਤੇ ਅਖ਼ੀਰ ਇਕ ਦਿਨ ਉਸ ਈਮਾਨਦਾਰ ਬਾਪ ਨੇ ਆਪਣੇ ਅਵਾਰਾ ਬੇਟੇ ਨੂੰ ਮਰਵਾ ਦਿਤਾ ਤੇ ਸਾੜਨ ਦੀ ਬਜਾਏ ਕਾਲੇ ਹਨੇਰੇ ਵਿਚ ਮੈਨੂੰ ਇਸ ਖੱਡ ਵਿਚ ਪੁਆ ਦਿੱਤਾ—ਲੋਕਾਂ ਦੀਆਂ ਨਜ਼ਰਾਂ ਤੋਂ ਚੋਰੀ। ਤੂੰ ਕਿਵੇਂ ਆਣ ਲਭਿਆ ਮੈਨੂੰ?"

ਉਸ ਨੂੰ ਮਹਿਸੂਸ ਹੋ ਰਿਹਾ ਸੀ ਕਿ ਉਸ ਵਿਚ ਪ੍ਰਾਣ ਨਾਂ ਦੀ ਕੋਈ ਚੀਜ਼ ਬੱਚੀ ਨਹੀਂ ਏ। ਕਬਰਾਂ ਖਾਲੀ ਨਿਕਲਨ ਕਰ ਕੇ ਉਸ ਵਿਚਲੀ ਹਿੰਮਤ ਮਰ ਚੁਕੀ ਸੀ। ਉਸ ਵਿੱਚੋਂ ਹਿਲਣ ਦੀ ਤਾਕਤ ਖ਼ਤਮ ਹੋ ਚੁਕੀ ਸੀ। ਮਰਿਆਂ ਜਿਹਾਂ ਕਦਮਾਂ ਨਾਲ ਉਹ ਵਾਪਸ ਜਾਣ ਲਗਾ ਸੀ ਕਿ ਉਸ ਨੂੰ ਇੰਜ ਲਗਾ ਜਿਵੇਂ ਕੋਈ ਉਸ ਨੂੰ ਕੋਈ ਨਾਂ ਲੈ ਕੇ ਅਵਾਜ਼ ਲਗਾ

IMPORTERS EXPORTERS WHOLESALERS RETAILERS
ROKKO SAREES & FABRICS
6201 FRASER ST., (At 46th Ave.) VANCOUVER-15, B.C., CANADA. PHONE: 327-3033
OWNED AND OPERATED BY B.S. KHURANA AND SONS AND GRANDSONS

ਰਿਹਾ ਏ।

"ਵੇਖ ਦੋਸਤ, ਅਸੀਂ ਤਾਂ ਮਰ ਚੁਕੇ ਹਾਂ ਤੇ ਤੂੰ ਜਿਉਂਦਾ ਏ। ਕੀ ਜੋ ਅਸੀਂ ਨਹੀਂ ਕਰ ਸਕੇ ਤੂੰ ਕਰ ਕੇ ਵਿਖਾਵੇਂ ਗਾ?"

'ਤੁਸੀਂ ਮੈਨੂੰ ਜਿਉਂਦਾ ਸਮਝਦੇ ਜੇ?"

"ਪਰ ਅਸੀਂ ਚਾਹੁੰਦੇ ਹਾਂ ਕਿ ਤੂੰ ਜਿਉਂਦਿਆਂ ਵਾਲਾ ਕੰਮ ਕਰ?"

"ਕੀ? ਮੈਨੂੰ ਜਿਉਣ ਲਈ ਕੀ ਕਰਨਾ ਪਏ ਗਾ?"

"ਮੁਰਦਿਆਂ ਦੀ ਥਾਂ ਤੇ ਜਿਉਂਦਿਆਂ ਦੀਆਂ ਕਬਰਾਂ ਪੁਟ—ਉਨ੍ਹਾਂ ਦੀਆਂ ਕਬਰਾਂ ਜਿਹੜੇ ਤੇਰੀ ਦੁਰ-ਦਸ਼ਾ ਲਈ ਜ਼ਿੰਮੇਵਾਰ ਨੇ—ਜਿਹੜੇ ਤੇਰੇ ਜਿਹੇ ਹਜ਼ਾਰਾਂ ਨੌਜਵਾਨਾਂ ਦੀ ਰੱਤ ਪੀਂਦੇ ਨੇ—ਜਿਹੜੇ ਤੇਰੇ ਜਿਹੇ ਲੋਕਾਂ ਤੋਂ ਜੀਉਣ ਦਾ ਹੱਕ ਖੋਂਹਦੇ ਨੇ। ਜੇ ਕਬਰਾਂ ਹੀ ਪੁਟਣੀਆਂ ਹਨ ਤੇ ਇਨ੍ਹਾਂ ਬਘਿਆੜਾਂ ਦੀਆਂ ਕਬਰਾਂ ਪੁੱਟ......"

ਉਸ ਨੂੰ ਲੱਗਾ ਕਿ ਉਸ ਵਿਚ ਇਕ ਨਵੀਂ ਤਾਕਤ ਭਰ ਆਈ ਹੋਵੇ ਤੇ ਉਹ ਸਮਾਜ ਦੇ ਸਾਰੇ ਬਘਿਆੜਾਂ ਨਾਲ ਲੜਨ ਦੀ ਤਾਕਤ ਰਖਦਾ ਹੋਵੇ। ਉਹ ਉਹੀ ਰੰਬਾ ਹੱਥ ਵਿਚ ਲੈ ਤੇਜ਼ ਤੇਜ਼ ਕਦਮਾਂ ਨਾਲ ਸ਼ਹਿਰ ਵਲ ਵਧਣ ਲਗ ਪਿਆ। ●●


ਹਰ ਕਿਸਮ ਦੇ ਬੀਮੇ ਸੰਬੰਧੀ ਤੁਹਾਡੇ ਸਹਾਇਕ :-

ਸਿੱਧੂ ਇਨਸ਼ੋਰੈਂਸ ਸਰਵਿਸਜ਼ ਕੰਪਨੀ ਲਿਮਟਿਡ

(ਸੁਰਜੀਤ ਸਿੱਧੂ)

AUTO - FIRE - LIFE

BUS: 8795522 RES. 874-6656

#204-3310 FRASER
VANCOUVER 10, B.C.




# ਵਕਾਲਤ

ਲਖਬੀਰ ਮਾਂਗਟ

ਵਕੀਲਾਂ ਦੇ ਖੋਖਿਆਂ ਵਿਚ ਇਕ ਖੋਖਾ ਹੈ ਜਿਸ ਤੇ ਚੇਤਨ ਸਿੰਘ ਬੀ. ਏ. ਐਲ. ਐਲ. ਬੀ. ਦੀ ਨੇਮ-ਪਲੇਟ ਲੱਗੀ ਹੈ। ਖੋਖੇ ਕੋਲ ਹੀ ਇਕ ਟਾਈਪਿਸਟ ਬੈਠਾ ਹੈ। ਮੈਂ ਉਸ ਤੋਂ ਕੁਝ ਕਾਗਜ਼ ਟਾਈਪ ਕਰਾ ਰਿਹਾ ਹਾਂ।

ਕੁਝ ਪੇਂਡੂ ਆਪਦੇ ਖੋਖੇ ਵਿਚ ਆ ਵੜੇ। ਵਕੀਲ ਇਕੱਲਾ ਹੀ ਬੈਠਾ ਸੀ।

"ਸਰਦਾਰ ਜੀ ਇਕ ਕੇਸ ਆ ਕਤਲ ਦਾ।" ਸਤਿ ਸ੍ਰੀ ਅਕਾਲ ਹੋ ਚੁੱਕਣ ਬਾਅਦ ਬੈਠਦਿਆਂ ਹੀ ਇਕ ਅਧਖੜ ਜਿਹੇ ਆਦਮੀ ਨੇ ਕਿਹਾ :

"ਦੱਸੋ ਭਾਈ ਸਾਹਿਬ।"

ਆਉਣ ਵਾਲਿਆਂ ਨ ਸਾਰੀ ਘਟਨਾ ਦੱਸੀ। ਇਨ੍ਹਾਂ ਦਾ ਬੰਦਾ ਦੂਸਰੀ ਪਾਰਟੀ ਨੇ ਮਾਰ ਦਿੱਤਾ ਸੀ।

ਵਕੀਲ ਕੁਝ ਚਿਰ ਸੋਚਦਾ ਰਿਹਾ। ਫਿਰ ਉਸ ਆਪਣੀ ਫੀਸ ਮੁਕੱਦਮਾ ਜਿੱਤ ਜਾਣ ਅਤੇ ਹਾਰ ਜਾਣ ਦੀ ਹਾਲਤ ਵਿਚ ਦਸ ਦਿੱਤੀ।

ਗੱਲ ਪੱਕੀ ਹੋ ਗਈ। ਵਕੀਲ ਨੇ ਫੀਸ ਪੇਸ਼ਗੀ ਲੈ ਲਈ। ਪੇਂਡੂ ਚਲੇ ਗਏ।

ਪਹਿਲਿਆਂ ਨੂੰ ਗਿਆਂ ਹਾਲੇ ਦੋ ਕੁ ਮਿੰਟ ਹੀ ਹੋਏ ਹੋਣੇ ਨੇ, ਕਿ ਪੰਜ ਬੰਦੇ ਹੋਰ ਖੋਖੇ ਵਿਚ ਵੜ ਗਏ। ਮੈਂ ਮੂੰਹ ਵਿਚ ਹੀ ਆਖਿਆ, "ਇਕ ਮੁਰਗੀ ਹੋਰ ਆ ਫਸੀ।"

ਰਸਮੀ ਸਤਿ ਸ੍ਰੀ ਅਕਾਲ ਬੁਲਾਈ ਗਈ।

"ਆਓ—ਆਓ ਜ਼ੈਲਦਾਰ ਜੀ ਕੀ ਹਾਲ ਨੇ? ਬੈਠੋ? ਚਾਹ ਪਾਣੀ ਮਗਾਈਏ!" ਵਕੀਲ ਨੇ ਇਕ ਚਾਲੀ ਕੁ ਸਾਲ ਦੇ ਬੰਦੇ ਨਾਲ ਹੱਥ ਮਿਲਾਇਆ।

"ਵਕੀਲ ਸਾਹਿਬ; ਆ ਜਿਹੜੇ ਬੰਦੇ ਪਹਿਲਾਂ ਇਥੋਂ ਗਏ ਨੇ, ਇਨ੍ਹਾਂ ਦਾ ਬੰਦਾ ਮਰ ਗਿਆ ਕਾਰੇ ਕਿਆਂ ਤੋਂ। ਉਨ੍ਹਾਂ ਨੇ ਤੁਹਾਨੂੰ ਵਕੀਲ ਕੀਤਾ?"

ਜ਼ੈਲਦਾਰ ਸਾਹਿਬ ਹੁਣ ਤਾਂ ਮੈਂ ਉਨ੍ਹਾਂ ਨੂੰ ਹਾਂ ਕਰ ਦਿਤੀ ਹੈ। ਤੇ ਫੀਸ ਵੀ ਲੈ ਲਈ ਹੈ। ਤੁਸੀਂ ਪੰਜ ਮਿੰਟ ਪਹਿਲਾਂ ਆ ਜਾਂਦੇ; ਆਪਾਂ ਉਨ੍ਹਾਂ ਨੂੰ ਹਾਂ ਨਾ ਕਰਦੇ।

"ਨਹੀਂ ਨਹੀਂ ਤੁਸੀਂ ਵਕੀਲ ਉਨ੍ਹਾਂ ਦੇ ਹੀ ਰਹੋ। ਬੱਸ ਜ਼ਰਾ ਇਨ੍ਹਾਂ ਦਾ ਵੀ ਖਿਆਲ ਰਖਣਾ।" ਤੇ ਉਸ ਦੇ ਨਾਲ ਹੀ ਦਸਾਂ ਦੇ ਨੋਟਾਂ ਵਾਲੀਆਂ ਦੋ ਦੱਬੀਆਂ ਮੇਜ਼ ਤੇ ਰੱਖ ਦਿੱਤੀਆਂ। ਮੇਰੀ ਜਾਚੇ ਦੱਬੀ ਹਜ਼ਾਰ ਹਜ਼ਾਰ ਦੀ ਹੋਵੇਗੀ।

"ਚੰਗਾ ਜ਼ੈਲਦਾਰ ਸਾਹਿਬ ਤੁਹਾਡੀ ਮੰਨ ਲੈਨੇ ਆਂ। ਊਂ ਕੰਮ ਹੈ ਔਖਾ। ਤੁਸੀਂ ਬੇਫਿਕਰ ਰਿਹੋ ਹੁਣ।" ਦੋ ਹਜ਼ਾਰ ਦੇ ਹਰੇ ਹਰੇ ਨੋਟ ਚੁੱਕ ਕੇ ਕਾਲੇ ਕੋਟ ਦੀ ਜੇਬ ਵਿਚ ਪਾਉਂਦਿਆਂ ਵਕੀਲ ਨੇ ਕਿਹਾ।

"ਯਾਰ ਆਹ ਕੀ? ਵਕੀਲ ਨੇ ਦੋਨਾਂ ਪਾਰਟੀਆਂ ਨੂੰ ਹਾਂ ਕਰ ਦਿੱਤੀ।" ਮੈਂ ਖੋਖੇ ਵਿਚਲੀਆਂ ਗੱਲਾਂ ਵਲੋਂ ਰੁਖ ਮੋੜ ਕੇ ਟਾਈਪਿਸਟ ਨੂੰ ਕਿਹਾ।

ਟਾਈਪਿਸਟ ਨੇ ਦੋ ਹੋਰ ਟਾਈਪ ਕੀਤੇ ਪੇਪਰ ਮੈਨੂੰ ਚੈੱਕ ਕਰਨ ਲਈ ਦਿੰਦੇ ਕਿਹਾ :

"ਇਹਨੂੰ ਤਾਂ ਵਕਾਲਤ ਕਹਿੰਦੇ ਨੇ!" ●●


ਪੰਜਾਬੀ ਲਿਟਰੇਰੀ ਐਸੋਸੀਏਸ਼ਨ, ਵੈਨਕੋਵਰ

ਦੀ ਅਗਲੀ ਮਾਸਕ-ਇਕੱਤਰਤਾ 5 ਮਈ 1974 ਨੂੰ ਸਵੇਰੇ 10 ਵਜੇ MOUNT PLEASANT INFORMATION CENTRE 758-E. BROADWAY ਵਿਖੇ ਹੋਵੇਗੀ। ਸਾਹਿਤ ਪਰੇਮੀਆਂ ਨੂੰ ਸ਼ਾਮਲ ਹੋਣ ਲਈ ਖੁੱਲਾ ਸੱਦਾ ਪੱਤਰ ਦਿੱਤਾ ਜਾਂਦਾ ਹੈ। ਯਾਦ ਰਹੇ ਕਿ ਐਸੋਸੀਏਸ਼ਨ ਦੀ ਮਾਸਕ-ਇਕੱਤਰਤਾ ਹਰ ਮਹੀਨੇ ਦੇ ਪਹਿਲੇ ਐਤਵਾਰ ਨੂੰ ਹੁੰਦੀ ਹੈ। ਸੁਰਿੰਦਰ ਧੰਜਲ
ਜਨਰਲ ਸਕੱਤਰ



IMPORTERS EXPORTERS WHOLESALERS RETAILERS

ROKKO SAREES & FABRICS

7-5.4-CHOME. ISOBE DORI. FUKIAI
KU. KOBE. JAPAN

Phone: 251-6440

OWNED AND OPERATED BY B.S. KHURANA AND SONS AND GRANDSONS

# S. SURJAN SINGH GILL

OFFERS TWO TYPES OF SERVICES

## Gill International Travel Service

1113-6th Ave., New Westminster, B.C., Canada. Tel: 879-9603 or 879-9040
Mailing Address: Box# 77057, Station S., Vancouver 16, B. C., Canada.

ENGLAND? FRANCE? HOLLAND? SINGAPORE? MALAYA?
JAPAN? AUSTRALIA? MOSCOW? CHINA? NEW ZEALAND?
FIJI?

IN FACT ANYWHERE IN THE WORLD

**COME**

**AND MAKE USE OF OUR SERVICES**



ਸੁਰਜਨ ਸਿੰਘ ਗਿੱਲ

ਫੋਨ: 879-9040, 879-9603

---

ਪੈਸੇ ਸਸਤੇ ਭਾਅ ਭੇਜਣ ਅਤੇ ਨਿਸ਼ਤ ਥਾਂ ਤੇ ਜਲਦੀ ਪਹੁੰਚਾਣ ਲਈ

## ਕਾਮਨਵੈਲਥ ਫਾਰਿਨ ਐਕਸਚੇਂਜ ਸਰਵਿਸ

ਤੋਂ ਪੂਰਨ ਲਾਭ ਉਠਾਉ। ਫੋਨ: 327-3579

FOR FAST EXPRESS DELIVERY
CALL

KARNAIL NAGRA
TEL. (604) 327-3579

OF

COMMONWEALTH
FOREIGN EXCHANGE SERVICE

---

THERE'S LIFE
AT MARS

## MARS REALTY LTD.

5467 VICTORIA DR., VANCOUVER, B.C.
327-8315



ਹਰ ਪਰਕਾਰ ਦੀ ਜਾਇਦਾਦ-
RESIDENTIAL, COMMERCIAL &
REVENUE - ਖਰੀਦਣ ਜਾਂ ਵੇਚਣ ਸਮੇਂ
ਤੁਹਾਨੂੰ ਤਜਰਬੇਕਾਰ ਅਗਵਾਈ ਦੇਣ ਵਾਲੇ

## ਦਰਸ਼ਨ ਬਰਾੜ

*Darshan Brar*

Res. 433-3334

MORTGAGES - APPRAISALS - RENTALS - SALES

# ਤੋਰੀ ਦੀ ਵੇਲ



ਗੁਰਬਚਨ ਭੁੱਲਰ

"ਫ਼ੌਜੀਆ ਰੰਬ ਰੁੰਬ ਲਿਆਇਐਂ, ਕਿ ਸੁੱਕਾ ਈ ਛੁੱਟੀ ਆ ਗਿਐਂ ?" ਧਰਮੇ ਨੇ ਸੁਖ ਸਾਂਦ ਪੁੱਛ ਕੇ ਸਵਾਲ ਕੀਤਾ।

"ਉਇ ਹੈ ਤਾਂ ਦਿਨ ਪੀਣ ਆਲਾ, ਪਿੰਡ ਵਿਚ ਰੇਡੀਆ ਲਗਿਐ", ਪ੍ਰੀਤੂ ਨੇ ਗੱਲ ਨਾਲ ਗੱਲ ਜੋੜੀ।

"ਰਮ ਤਾਂ ਲਿਆਂਦਿਆਂ, ਪਰ ਮੈਂ ਜੇਬ ਵਿਚ ਥੋੜ੍ਹੋ ਪਾਈ ਫਿਰਦਾਂ, ਘਰ ਪਈ ਐ", ਮੈਂ ਦੋਵਾਂ ਨੂੰ ਸਾਂਝਾ ਉਤਰ ਦਿਤਾ। ਕਲ੍ਹ ਮੈਂ ਦੋ ਮਹੀਨਿਆਂ ਦੀ ਛੁੱਟੀ ਆਇਆ ਸੀ। ਘਰ ਬੈਠਿਆਂ ਥੱਕ ਜਿਹਾ ਗਿਆ, ਤਾਂ ਸੂਰਜ ਢਲ ਗਿਆ ਵੇਖ ਖੇਤ ਨੂੰ ਤੁਰ ਪਿਆ। ਧਰਮਾ ਤੇ ਪ੍ਰੀਤੂ ਕਪਾਹ ਦੀ ਗੋਡੀ ਕਰਦੇ ਕਰਦੇ ਟਾਹਲੀ ਹੇਠ ਦਮ ਲੈ ਰਹੇ ਸਨ। ਘੁੱਟ ਕੇ ਹੱਥ ਮਿਲਾਉਂਦਿਆਂ, ਮੇਰੀ ਸੁਖ ਸਾਂਦ ਪੁੱਛ ਕੇ ਓਹਨਾਂ ਨੇ ਪੀਣ ਦੀ ਗੱਲ ਛੇੜ ਲਈ।

"ਚਲੋ ਘਰ ਚਲੀਏ", ਮੈਂ ਉਹਨਾਂ ਨੂੰ ਸੱਦਾ ਦਿਤਾ।

"ਬਾਈ ਘਰ ਪੀਣ ਦਾ ਉਹ ਸੁਆਦ ਨੀ ਆਉਂਦਾ, ਜਿਹੜਾ ਖੇਤ ਪੀਣ ਦਾ ਆਉਂਦੈ", ਧਰਮੇ ਨੇ ਪੈਲੀਆਂ ਉਤੇ ਨਿਗਾਅ ਮਾਰਦਿਆਂ ਆਖਿਆ। ਧੀਮੀ ਧੀਮੀ ਤੋਰ ਤੁਰਦੀ ਸੱਜਰੀ ਸੱਜਰੀ ਹਵਾ ਬ੍ਰਿਛਾਂ ਬੂਟਿਆਂ ਦੇ ਪੱਤਿਆਂ ਨੂੰ ਨਚਾਉਂਦੀ ਜਾਂਦੀ ਸੀ। ਚਾਰਚੁਫੇਰਾ ਜੱਟਾਂ ਦੇ ਦਿਲ ਵਾਂਗ ਮੋਕਲਾ ਸੀ।

"ਫੇਰ ਜਾ ਕੇ ਚੱਕ ਲਿਆਊ, ਦੱਸ ਮੈਂ ਦਿੰਨਾਂ", ਮੈਂ ਰਾਇ ਦਿਤੀ।

"ਨਾਲ ਪੀਏਂਗਾ ?"

"ਪੀਣ ਨੂੰ ਮੈਨੂੰ ਕੀ ਵਢਦੀ ਐ, ਪਰ ਥੋਡੇ ਬਰਾਬਰ ਨੀ ਮੈਂ ਮੜਿੱਕਣਾ। ਪੀਊਂ ਆਬਦੀ ਮਰਜੀ ਦੀ......ਪਰ ਘਰ ਜਾਊ ਕੌਣ ?"

"ਘਰ ਨੂੰ ਛੱਡ, ਰੰਬ ਫੇਰ ਕਦੇ ਪੀਮਾਂਗੇ। ਸਾਡੇ ਕੋਲ ਰੰਬ ਦੀ ਮਾਂ ਐ ਫੌਜੀਆ, ਰੰਬ ਦੀ ਮਾਂ। ਦੇਖੀਂ ਨਜਾਰੇ।"

"ਬਾਈ ਉਹ ਨ੍ਹੀਂ ਮੈਂ ਪੀਣੀ, ਨਸ਼ਾਦਰ ਕਾਲਜਾ ਵਢ ਦੂ, ਲਗਦੇ ਪੀਣ ਦੇ......"

"ਤੂੰ ਵੇਖੀਂ ਫ਼ੌਜੀਆ, ਜੇ ਰੰਬ ਨਾ ਭੁੱਲ ਜੇਂ। ਕਿੱਕਰ ਦੇ ਚੱਪਾ ਕੁ ਸੱਕ ਤੋਂ ਬਿਨਾਂ ਕੱਖ ਨੀ ਪਾਇਆ। ਬਣੀ ਕੀ ਐ ਗੱਲ ਛਡ ਦੇ।" ਧਰਮੇ ਨੇ ਬੇਰੀ ਹੇਠੋਂ ਵੱਟ ਫਰੋਲੀ ਅਤੇ ਰੂੜੀ ਮਾਰਕਾ ਨਾਲ ਪੀਲੀ ਪੈ ਗਈ ਬੋਤਲ ਮੇਰੇ ਮੂਹਰੇ ਲਿਆ ਧਰੀ। ਪ੍ਰੀਤੂ ਡੂੰਬੀ ਵਿਚੋਂ ਪਾਣੀ ਦੀ ਤੌੜੀ ਅਤੇ ਪਿੱਤਲ ਦੀ ਬਾਟੀ ਲੈ ਆਇਆ।

"ਆਉ ਪੱਲੇ ਥਾਂ ਤੇ ਬੈਠਾਂਗੇ", ਧਰਮੇ ਨੇ ਆਖਿਆ ਅਤੇ ਅਸੀਂ ਟਾਹਲੀ ਹੇਠੋਂ ਉਠ ਕੇ ਦੋ ਦਿਨ ਪਹਿਲਾਂ ਰਮਾਏ ਕਿਆਰੇ ਵਿਚ ਜਾ ਬੈਠੇ।

ਗਰਮੀ ਵਾਹਵਾ ਆ ਗਈ ਸੀ। ਦਿਨੇ ਧੁੱਪ ਸੂਈ ਵਾਂਗ ਚੁਭਦੀ ਰਹੀ ਸੀ। ਪਰ ਪਿਛਲਾ ਪਹਿਰ ਹੁੰਦਿਆਂ ਹੀ ਪੁਰਾ ਵਗ ਪਿਆ ਸੀ। ਸੂਰਜ ਮੱਧਮ ਪੈ ਕੇ ਨੀਵਾਂ ਹੋਣਾ ਸ਼ੁਰੂ ਹੋ ਗਿਆ ਸੀ। ਆਲੇ ਦੁਆਲੇ ਦੇ ਬ੍ਰਿਛਾਂ ਤੋਂ ਉਤਰ ਕੇ ਤਿੱਤਰਾਂ ਨੇ ਚੁਫੇਰੇ ਬੋਲਣਾ ਸ਼ੁਰੂ ਕਰ ਦਿਤਾ ਸੀ। ਗਿੱਠ ਗਿੱਠ ਹੋਈ ਕਪਾਹ ਦੇ ਵਿਰਲੇ ਵਿਰਲੇ ਬੂਟੇ ਧਰਤੀ ਦੇ ਘਸਮੈਲੇ ਰੰਗ ਨੂੰ ਹਰਿਆਲੀ ਚਾੜ੍ਹ ਰਹੇ ਸਨ। ਦੂਰ, ਪਿੰਡ ਵਿਚ ਲਾਊਡ ਸਪੀਕਰ ਵੱਜ ਰਿਹਾ ਸੀ।

"ਲੈ ਬਾਈ ਫੜ ਫੇਰ", ਧਰਮੇ ਨੇ ਬੋਤਲ ਮੇਰੇ ਵਲ ਕੀਤੀ।

"ਨਹੀਂ ਬਾਈ ਪਹਿਲਾਂ ਤੁਸੀਂ।"

"ਓ ਯਾਰ ਫੜ ਤਾਂ ਸਹੀ, ਸਾਨੂੰ ਹੀ ਪਾ ਦੇ, ਪਰ ਆਬਦੇ ਹੱਥ ਨਾਲ ਪਾ ਦੇ", ਪ੍ਰੀਤੂ ਬੋਲਿਆ।

ਮੈਂ ਬੋਤਲ ਫੜ ਲਈ। ਮਿੱਟੀ ਵਿਚ ਦੱਬੀ ਰਹਿਣ ਕਰਕੇ ਉਹ ਗਰਮ

MOVIES FOREIGN EXCHANGE CONCERT
SIHOTA DISTRIBUTORS
MANAGER KARTAR SINGH AHLUWALIA
3483 KINGSWAY, VANCOUVER, B.C., CANADA. V5R 5L5-
PHONE: 438-1304 324-2557

ਹੋਈ ਪਈ ਸੀ। ਮੈਂ ਹੱਸ ਪਿਆ।

"ਫੌਜੀ ਦੇ ਬਰਫ਼ ਸੋਡਾ ਯਾਦ ਆ ਗਿਆ", ਧਰਮੇ ਨੇ ਪ੍ਰੀਤੂ ਨਾਲ ਅੱਖ ਮਿਲਾ ਕੇ ਮੈਨੂੰ ਟਿੱਚਰ ਕੀਤੀ।

"ਫੌਜੀਆ ਬਰਫ਼ ਸੋਡੇ ਦਾ ਤਾਂ ਪਤਾ ਨ੍ਹੀਂ, ਅੱਜ ਇਉਂ ਪੀ ਕੇ ਵੇਖੀਂ, ਜੇ ਕਦੇ ਵੀ ਪਹਿਲਾਂ ਏਨਾ ਸੁਆਦ ਆਇਆ ਹੋਵੇ", ਪ੍ਰੀਤੂ ਬੋਲਿਆ।

"ਬਾਈ ਮੈਂ ਕਦੋਂ ਬਰਫ਼ ਮੰਗਦਾਂ। ਤੁਸੀਂ ਤਾਂ ਯਾਰ ਐਂ ਮਖੌਲ ਕਰਦੇ ਉਂ, ਜਿਵੇਂ ਬਾਣੀਆਂ ਦਾ ਮੁੰਡਾ ਹੋਮਾਂ। ਭਾਈ ਤਾਂ ਥੋਡਾ ਈ ਆਂ।" ਮੈਂ ਵੀ ਜੱਟ ਬਣ ਗਿਆ।

"ਅਗ਼ਕੇ ਬਾਈ ਤੇਰੇ, ਕਰ ਤੇ ਖ਼ੁਸ਼। ਲੈ ਬਾਈ ਫੇਰ ਪਹਿਲ ਤੂੰ ਕਰੇਂਗਾ ਕਿ ਅਸੀਂ ਕਰੀਏ ?" ਧਰਮੇ ਨੇ ਬਾਟੀ ਚੁੱਕ ਲਈ।

"ਪਹਿਲਾਂ ਤੁਸੀਂ।"

"ਤੇਰੀ ਮਰਜੀ, ਲੈ ਪਾ ਦੇ ਫੇਰ ਵਾਖਰੂ ਦਾ ਨਾਂਅ ਲੈ ਕੇ।"

ਮੈਂ ਢੱਕਣ ਖੋਹਲਿਆ। ਘਰ ਦੀ ਕੱਢੀ ਹੋਈ ਦੀ ਤਿੱਖੀ ਬੋ ਮੇਰੇ ਨੱਕ ਨੂੰ ਚੜ੍ਹ ਗਈ। ਧਰਮੇ ਨੇ ਤੌੜੀ ਵਿਚੋਂ ਇਕ ਚੂਲੀ ਪਾਣੀ ਪਾਇਆ। ਤਿੰਨ ਵਾਰ ਉਂਗਲੀ ਡੋਬ ਕੇ ਉਹਨੇ "ਧਰਤੀ ਮਾਤਾ" ਨੂੰ ਛਿੱਟਾ ਦਿਤਾ ਅਤੇ ਡੀਕ ਲਾ ਕੇ ਪੀ ਗਿਆ। ਉਹਨੇ ਨਿੱਕੀ ਜਿਹੀ ਧੁੜਧੁੜੀ ਲਈ ਅਤੇ ਬਾਟੀ ਧਰਦਿਆਂ ਬੋਲਿਆ, "ਬੜੀ ਬਣੀ ਐ ਮੁੰਡਿਓ, ਅੱਗ ਦੀ ਬੱਚੀ ਐ।"

ਫੇਰ ਪ੍ਰੀਤੂ ਨੇਂ ਪੀ ਲਈ। ਹੁਣ ਮੇਰੀ ਵਾਰੀ ਸੀ। ਬਾਟੀ ਵਿਚ ਥੋੜ੍ਹੀ ਜਿਹੀ ਪਈ ਵੇਖ ਕੇ ਉਹ ਦੋਵੇਂ ਬੋਲ ਪਏ, "ਬਾਈ ਉਂ ਤਾਂ ਤੇਰੀ ਮਰਜੀ ਐ, ਪਰ ਕੁਛ ਤਾਂ ਪਾ।" ਥੋੜ੍ਹੀ ਜਿਹੀ ਸ਼ਰਾਬ ਹੋਰ ਪਾ ਕੇ ਮੈਂ ਦੁਗਣਾ ਪਾਣੀ ਪਾ ਲਿਆ। ਫੇਰ ਵੀ ਜਿਥੋਂ ਦੀ ਲੰਘੀ, ਉਹ ਰਾਹ ਕਰਦੀ ਗਈ।

"ਸੜਗੀ ਉਇ ਜੀਭ" ਮੈਂ ਬਾਟੀ ਰਖਦਿਆਂ ਕਿਹਾ, "ਉਇ ਪਤੰਦਰੋ ਕੁਛ ਖਾਣ ਨੂੰ ਨ੍ਹੀਂ ?"

ਪ੍ਰੀਤੂ ਉਠਿਆ ਅਤੇ ਨਾਲ ਦੀ ਕਿਆਰੀ ਵਿਚੋਂ ਮੁੱਢੀ ਦੀਆਂ ਮਿਰਚਾਂ ਨਾਲੋਂ ਇਕ ਹਰੀ ਮਿਰਚ ਤੋੜ ਲਿਆਇਆ। ਮੈਂ ਮਿਰਚ 'ਤੇ ਦੰਦੀ ਵੱਢੀ। ਉਹ ਪਹਿਲਾਂ ਹੀ ਮੱਚੀ ਪਈ ਜੀਭ ਉਤੇ ਭਰਿੰਡ ਵਾਂਗ ਲੜ ਗਈ। ਮੈਂ "ਸੀ ਸੀ" ਕਰਦਿਆਂ ਉਹ ਮਿਰਚ ਵਗਾਹ ਮਾਰੀ।

'ਫ਼ੌਜੀਆ ਅਸੀਂ ਤਾਂ ਏਮੇ ਪੀਨੇ ਹੁੰਨੇ ਆਂ। ਜੇ ਜੀਭ ਤੇ ਨਾ ਲੜੇ, ਸਾਲਾ ਸੁਆਦ ਕੀ ਆਇਆ। ਦਾਰੂ ਪੀਨੇਂ ਆਂ, ਕੋਈ ਲੱਸੀ ਤਾਂ ਨ੍ਹੀਂ ਪੀਂਦੇ", ਧਰਮੇ ਨੇ ਮੁੱਛਾਂ ਨੂੰ ਵਟ ਦਿੰਦਿਆਂ ਕਿਹਾ।

ਮੈਂ ਉਹਨਾਂ ਦੀ ਫ਼ਸਲ ਬਾੜੀ ਬਾਰੇ ਪੁੱਛਣ ਲਗ ਪਿਆ। ਕਈ ਸਾਲਾਂ ਤੋਂ ਉਹ ਦੋਵੇਂ ਰਲ ਕੇ ਵਾਹੀ ਕਰਦੇ ਸਨ। ਸਾਡੀ ਜ਼ਮੀਨ ਵੀ ਉਹਨਾਂ ਕੋਲ ਹੀ ਹਿੱਸੇ ਉਤੇ ਹੁੰਦੀ ਸੀ। ਉਹਨਾਂ ਨੇ ਇਕ ਇਕ ਹਾੜਾ ਹੋਰ ਪਾਇਆ ਅਤੇ ਬਾਟੀ ਮੇਰੇ ਮੂਹਰੇ ਕਰ ਦਿਤੀ।

"ਐਡੀ ਕੀ ਕਾਹਲੀ ਐ ਧਰਮਿਆਂ। ਰਖ ਦੇ, ਮੈਂ ਆਪੇ ਚੱਕ ਲਊਂ", ਮੈਂ ਬਾਟੀ ਫੜ ਕੇ ਹੇਠ ਰਖਦਿਆਂ ਆਖਿਆ।

"ਬਾਈ ਫ਼ੌਜੀ ਹੋ ਕੇ ਵੀ ਤੇਰਾ ਇਹਦੇ ਨਾਲ ਮੋਹ ਨੀ ਪਿਆ। ਬੰਡੀ ਚੀਜ ਐ ਯਾਰੋ। ਰੱਬ ਨੇ ਸਾਨੂੰ ਜੱਟ ਬਣਾ ਕੇ ਪਿਛਲੇ ਜਨਮ ਦੀ ਕੋਈ ਘਰੋੜ ਕੱਢ ਲੀ, ਪਰ ਜਿਹੜਾ ਜੱਟ ਨੂੰ ਨਾਲ ਈ ਆਹ ਲਾਲ ਪਰੀ ਦਾ ਵਰ ਦੇ ਤਾ, ਇਹਨੇ ਜਿਉਂਦਿਆਂ 'ਚ ਕਰਤੇ।" ਧਰਮਾ ਲੋਰ ਵਿਚ ਆਉਂਦਾ ਜਾਂਦਾ ਸੀ। ਉਹਨੇ ਮੇਰੇ ਮੋਢੇ ਉਤੇ ਹੱਥ ਮਾਰਿਆ, "ਬਾਈ ਜਦੋਂ ਪਹਾੜਾਂ ਦੀ ਮਧਾਣੀ ਪਾ ਕੇ, ਸੱਪਾਂ ਦੇ ਰਾਜੇ ਦਾ ਨੇਤਰਾ ਬਣਾ ਕੇ, ਦਿਉਤਿਆਂ ਤੇ ਰਾਖਸ਼ਾਂ ਨੇ ਸਮੁੰਦਰ ਰਿੜਕਿਆ, ਤਾਂ ਉਹ ਇਕ ਇਕ ਚੀਜ ਵੰਡਦੇ ਗਏ। ਪੰਜਵੇਂ ਥਾਂ ਤੇ ਨਿਕਲੀ ਇਹ ਸੁਰਗਾਂ ਦਾ ਮੇਵਾ ਪੰਜ ਰਤਣੀ। ਗੁਣਾਂ ਪਾਇਆ ਤਾਂ ਰਾਖਸ਼ਾਂ ਨੂੰ ਮਿਲ ਗਈ। ਦਿਉਤੇ ਇਹਦਾ ਭਰਿਆ ਤੌੜਾ ਲੈ ਕੇ ਭੱਜ ਗਏ। ਬਸ ਫੇਰ ਕੀ ਸੀ ਬਾਈ, ਲੜਾਈ ਹੋਈ, ਖੂਹਣੀਆਂ ਖਪ ਗੀਆਂ......"

ਮੈਂ ਤਾਂ ਹੂੰ-ਹਾਂ ਕਰਦਾ ਰਿਹਾ, ਪਰ ਪ੍ਰੀਤੂ ਦਾ ਹਾਸਾ ਨਿਕਲ ਗਿਆ, "ਸਾਲਾ ਵਡਾ ਰਿਖੀ, ਜਾਣੀ ਗ੍ਰੰਥ ਪੜ੍ਹੇ ਬਿਨਾਂ ਟੁੱਕ ਨੀ ਖਾਂਦਾ ......"

"ਲੈ ਗ੍ਰੰਥ ਪੜ੍ਹੇ ਤੋਂ ਬਾਹਲਾ ਕੁਛ ਐ। ਸਿਆਣੀ ਗੱਲ ਤਾਂ ਪੱਲੇ ਬੰਨ੍ਹ ਈ ਲਈ ਦੀ ਐ......।"

"ਆਹ ਲਾਊਡ ਸਪੀਕਰ ਕੀਹਦੇ ਵਜਦੇ ?" ਮੈਂ ਇਕ ਫ਼ਿਲਮੀ ਗਾਣੇ ਦਾ ਬੋਲ ਕੰਨੀਂ ਪੈਣ ਤੇ ਉਹਨਾਂ ਦੀ ਗੱਲ ਟੁੱਕ ਕੇ ਪੁਛਿਆ। ਇਹ ਗਾਣਾ ਕਈ ਸਾਲ ਪਹਿਲਾਂ ਮੈਨੂੰ ਇਕ ਕੁੜੀ ਨੇ ਚਿੱਠੀ ਵਿਚ ਲਿਖ ਕੇ ਭੇਜਿਆ ਸੀ।

"ਬਾਈ ਇਹ ਨਾ ਪੁੱਛ", ਧਰਮਾ ਬੋਲਿਆ।

"ਕਿਉਂ ? ਖ਼ੈਰ ਐ ?" ਮੈਂ ਤਿੱਖੀ ਨਿਗਾਅ ਨਾਲ ਉਹਦੇ ਵਲ ਵੇਖਿਆ।

"ਖ਼ੈਰ ਕਾਹਦੀ ਭਰਾਵਾ, ਅਜ ਝੰਗ ਸਿਆਲ ਸੁੰਨੇ ਹੋ ਗੇ। ਸੈਦਾ ਹੀਰ ਲੈ ਗਿਆ", ਧਰਮੇ ਨੇ ਹਉਕਾ ਲਿਆ।

"ਉਇ ਫੇਰੇ ਦੇਣਿਆਂ, ਪਿੰਡ ਦੀ ਕੁੜੀ ਐ, ਇਉਂ ਨ੍ਹੀਂ ਕਹੀਦਾ ਹੁੰਦਾ", ਪ੍ਰੀਤੂ ਨੇ ਮੱਤ ਦਿਤੀ।

"ਇਉਂ ਕਹਿਣ ਨੂੰ ਕੀ ਮੈਂ ਕੋਈ ਮੰਦਾ ਬੋਲਿਆਂ। ਮੈਂ ਉਹਨੂੰ ਤਾਂ ਨ੍ਹੀਂ ਕੁਛ ਕਹਿੰਦਾ। ਮੈਨੂੰ ਤਾਂ ਮੇਰੇ ਸਾਲੇ ਸੈਦੇ ਤੇ ਹਰਖ ਆਉਂਦੈ", ਧਰਮੇ ਨੇ ਪ੍ਰੀਤੂ ਦੀ ਗੱਲ ਦਾ ਜਵਾਬ ਦਿਤਾ ਅਤੇ ਫੇਰ ਮੇਰੇ ਵੱਲ ਮੂੰਹ ਕਰਕੇ ਬੋਲਿਆ, "ਬਾਈ

IMPORTERS EXPORTERS WHOLESALERS RETAILERS
ROKKO SAREES & FABRICS
OWNED AND OPERATED BY B.S. KHURANA AND SONS AND GRANDSONS
S-39, GREEN PARK, NEW DELHI-16, INDIA.
PHONE: 77790

ਜੇ ਕੋਈ ਰਾਂਝਾ ਲੈ ਜਾਂਦਾ, ਡੱਕਾ ਦੁੱਖ ਨ੍ਹੀਂ ਸੀ। ਮੇਰਾ ਸਾਲਾ ਸੈਦਾ ਲੈ ਗਿਆ।"

"ਕੋਈ ਪਤਾ ਵੀ ਲਗੇ, ਹੀਰ ਹੈ ਕਿਹੜੀ ?" ਮੈਂ ਉਤਸੁਕਤਾ ਨਾਲ ਪੁਛਿਆ।

"ਬਾਈ ਹੀਰਾਂ ਕਦੇ ਦੋ ਹੋਈਐਂ ?" ਧਰਮੇ ਦੀਆਂ ਅੱਖਾਂ ਗੁਲਾਬੀ ਹੋ ਚੁਕੀਆਂ ਸੀ।

"ਫੇਰ ਵੀ ?"

"ਸਾਲਾ ਬੁਟਰਾਂ ਦੀ ਕੇਲੋਂ ਨੂੰ ਕਹਿੰਦੇ", ਪ੍ਰੀਤੂ ਨੇ ਦਸਿਆ।

"ਯਾਰ ਕੁੜੀ ਤਾਂ ਹੀਰ ਈ ਐ", ਮੈਂ ਧਰਮੇ ਦੀ ਹਾਂ ਵਿਚ ਹਾਂ ਮਿਲਾਈ।

"ਬਾਈ ਤੂੰ ਪਰਾਹੁਣਾ ਵੇਖਿਐ ? ਮੈਂ ਵੇਖਿਆ, ਤੜਕੇ ਜਦੋਂ ਮੈਂ ਖੇਤ ਨੂੰ ਆਉਂਦਾ ਸੀ", ਧਰਮੇ ਨੇ ਪੱਗ ਲਾਹ ਕੇ ਪਰ੍ਹੇ ਸੁਟ ਦਿਤੀ ਅਤੇ ਦੋਵਾਂ ਹੱਥਾਂ ਦੀਆਂ ਉਂਗਲਾਂ ਕੇਸਾਂ ਵਿਚ ਫਸਾ ਕੇ ਸਿਰ ਨੂੰ ਹਵਾ ਲੁਆਉਂਦਿਆਂ ਬੋਲਿਆ, "ਉਇ ਸੈਦਾ ਵੀ ਕੁਛ ਹੋਊ, ਇਹ ਸਾਲਾ ਬੀਂਬੜ ਕਿਸੇ ਵੀ ਕੰਮ ਦਾ ਨ੍ਹੀਂ।"

ਉਹਨੇ ਬੋਤਲ ਚੁੱਕ ਲਈ ਅਤੇ ਇਕ ਹਾੜਾ ਹੋਰ ਪੀ ਲਿਆ, "ਬੜੀ ਨਾਗਣੀ ਬਣੀ ਐ ਮੁੰਡਿਉ, ਜਿਉਂ ਜਿਉਂ ਅੰਦਰ ਜਾਂਦੀ ਐ, ਮੁੱਛਾਂ ਆਪੇ ਤਾਹਾਂ ਨੂੰ ਜਾਂਦੀਐਂ।" ਉਹਨੇ ਮੁੱਛਾਂ ਉਤੇ ਹੱਥ ਫੇਰਿਆ ਅਤੇ ਮੇਰੇ ਮੋਢੇ ਉਤੇ ਹੱਥ ਮਾਰ ਕੇ ਬੋਲਿਆ, "ਬਾਈ ਸੱਕ ਤੋਂ ਬਿਨਾਂ ਕੁਛ ਛੁਆਹਿਆ ਕਿਹੜੈ। ਤੇ ਨਾਲੇ ਕੱਢੀ ਦੂਹਰੀ ਵਾਰ ਐ।"

"ਫੇਰੇ ਦੇਣਾ ਆਬਦੀ ਕੱਢੀ ਦੀਆਂ ਐਮੇ ਈ ਸਿਫ਼ਤਾਂ ਕਰੀ ਜਾਊ", ਪ੍ਰੀਤੂ ਨੇ ਉਹਨੂੰ ਚਿੜਾਉਣ ਲਈ ਕਿਹਾ।

"ਕਿਉਂ ਬਾਈ, ਮਾੜੀ ਐ ?" ਧਰਮੇ ਨੇ ਮੈਨੂੰ ਸੁਆਲ ਕੀਤਾ, "ਚਲੋ ਬਾਈ ਦੀ ਮੁਨਸਫੀ ਰਹੀ। ਬਾਈ ਮਾੜੀ ਕਹਿ ਦੇ, ਮੇਰੇ ਸਿਰ ਵਿਚ ਪੰਜਾਹ ਜੁੱਤੀਆਂ।" ਤੇ ਫੇਰ ਉਹਨੇ ਸਿਰ ਨੂੰ ਗੇੜਾ ਦਿਤਾ। ਉਂਗਲਾਂ ਫੇਰਨ ਨਾਲ ਢਿੱਲਾ ਹੋਇਆ ਜੂੜਾ ਖੁਲ੍ਹ ਗਿਆ। ਸੱਜੇ ਹੱਥ ਦੀ ਉਂਗਲੀ ਉਹਨੇ ਕੰਨ ਵਿਚ ਦਿਤੀ ਅਤੇ ਕੂਕ ਮਾਰੀ—

ਮੇਰਿਆ ਨਿੱਤ ਦਿਆ ਸ਼ਰਾਬੀਆ ਯਾਰਾ
ਲਿਆ ਵੇ ਤੇਰੇ ਕੇਸ ਬੰਨ੍ਹ ਦਿਆਂ......

ਮੈਂ ਉਹਨੂੰ ਮਸਤ ਹੁੰਦਾ ਵੇਖ ਖੁਸ਼ ਹੋ ਗਿਆ। ਪ੍ਰੀਤੂ ਨੇ ਉਹਨੂੰ ਟੋਕਿਆ, "ਉਏ ਵਡਿਆ ਸ਼ਰਾਬੀਆ, ਕਿਉਂ ਡੰਡ ਪਾਈ ਐ ? ਲੋਕਾਂ ਨੂੰ ਸੁਣਾਉਣੈਂ, ਬਈ ਪੀਤੀ ਐ ?"

"ਜੀਹਨੇ ਸੁਨਣੈਂ, ਸੁਣ ਲੇ। ਆਪਾਂ ਨੂੰ ਕਿਸੇ ਸਾਲੇ ਦਾ ਡਰ ਮਾਰਿਐ", ਧਰਮਾ ਦਲੇਰ ਹੋਇਆ ਖੜ੍ਹਾ ਸੀ, "ਆਹ ਦੀਂਹਦੀ ਐ, ਜਿਉਣੇ ਮੌੜ ਆਲੀ ਛਵ੍ਹੀ ?" ਉਹਨੇ ਕੋਲ ਪਏ ਗੰਡਾਸੇ ਵੱਲ ਹੱਥ ਕੀਤਾ, "ਇਹਦੇ ਨਾਲ ਤਿੰਨ ਠਾਣਿਆਂ ਦੇ ਨੱਕ ਮੋੜ ਦਿਆਂ ਤੇ ਜੇ ਫ਼ੌਜੀ ਆਬਦੀ ਦੂਨਾਲੀ ਪੰਜ ਮਿੰਟ ਫੜਾ ਦੇ, ਦਿੱਲੀ ਲਾਹੌਰ ਫੂਕ ਦਿਆਂ।"

"ਕੱਲੇ ਤੋਂ ਚਾਹੇ ਬਿੱਲੀ ਨਾ ਮਰੇ, ਹੁਣ ਤੈਨੂੰ ਪਤੈ ਬਈ ਦੋ ਜਣੇ ਨਾਲ ਬੈਠੇ ਐ, ਲੈ ਲੈ ਲਹਿਰਾਂ...... ਲਿਆ ਕਰ ਉਰ੍ਹੇ ਬੋਤਲ, ਘੁੱਟ ਘੁੱਟ ਹੋਰ ਪਾਈਏ", ਪ੍ਰੀਤੂ ਨੇ ਕਿਹਾ।

"ਬਾਈ ਫੇਰ ਸ਼ਹਿਨਸ਼ਾਹੀਆਂ ਤਾਂ ਭਰਾਵਾਂ ਨਾਲ ਈ ਹੁੰਦੀਐਂ। ਮੈਂ ਕਦੋਂ ਕਿਹੈ, ਬਈ ਥੋਡੇ ਬਿਨਾਂ ਮੈਂ ਕੱਲਾ ਸੂਰਮਾਂ......" ਧਰਮੇ ਨੇ ਸੁਲਾਹ ਦੇ ਬੋਲ ਬੋਲਦਿਆਂ ਬੋਤਲ ਫੜਾ ਦਿਤੀ।

"ਥੋੜ੍ਹੀ ਪੀਏ, ਇਹਦੇ ਨਾਲ ਕਿਹੜਾ ਢਿਡ ਭਰਨਾ ਹੁੰਦੈ", ਮੈਂ ਰਾਇ ਦਿਤੀ।

"ਮੁੱਕਣ ਤੋਂ ਨਾ ਡਰੀਂ ਫ਼ੌਜੀਆ, ਇਹਦੇ ਨਾਲ ਦੀ ਇਕ ਹੋਰ ਪਈ ਐ", ਪ੍ਰੀਤੂ ਬੋਲਿਆ।

'ਮੁੱਕਣ ਦੀ ਗੱਲ ਨ੍ਹੀਂ, ਤੁਰ ਕੇ ਪਿੰਡ ਵੀ ਜਾਣੈਂ", ਮੈਂ ਉਜ਼ਰ ਕੀਤਾ।

"ਪਿੰਡ ਕੀ ਭਜਿਆ ਜਾਂਦੈ ? ਤੜਕੇ ਉਠ ਜਾਂ ਗੇ। ਕਿੰਨਾਂ ਠੰਢਾ ਪੁਰਾ ਵਗਦੈ। ਕੱਕਾ ਰੇਤਾ, ਸਾਲਾ ਗੁਦੇਲਾ ਕੀ ਇਹਦੀ ਰੀਸ ਕਰੂ। ਐਥੋਂ ਦੀ ਹੁਣ ਬੱਕਰੀਆਂ ਵਾਲੇ ਲੰਘਣ ਗੇ। ਕਿਸੇ ਮੁੰਡੇ ਹੱਥ ਰੋਟੀਆਂ ਦਾਲਾਂ ਸਭ ਐਥੇ ਮੰਗਵਾ ਦੂੰ", ਧਰਮਾ ਪੂਰੀ ਲਹਿਰ ਵਿਚ ਸੀ। ਗੱਲ ਬਦਲ ਕੇ ਉਹ ਬੋਲਿਆ, "ਨਾਲੇ ਬਾਈ ਅੱਜ ਪਿੰਡ ਕੀ ਐ ? ਪਿੰਡ ਤਾਂ ਉਜੱੜ ਗਿਆ।" ਉਹਦੇ ਕੇਲੋਂ ਫੇਰ ਯਾਦ ਆ ਗਈ ਸੀ। ਦੋ ਪਲ ਚੁੱਪ ਰਹਿ ਕੇ ਉਹ ਮੁੱਛਾਂ ਨੂੰ ਤਾਅ ਚਾੜ੍ਹਦਾ ਰਿਹਾ; ਫੇਰ ਬੋਲਿਆ, "ਬਾਈ ਜੇ ਮੇਰੇ ਕੋਲ ਦੂਨਾਲੀ ਹੋਵੇ ਤੇ ਹੁਣ ਬੁੱਟਰ ਸਾਹਮਣੇ ਆ ਜੇ, ਹਿੱਕ ਪਾੜ ਦਿਆਂ। ਮੇਰੇ ਸਾਲੇ ਨੇ ਦੇਖਿਆ ਕੀ ?"

"ਫ਼ੌਜੀਆ, ਤੂੰ ਇਹਦਾ ਵਡੇ ਆਸ਼ਕ ਦਾ ਦਿਲ ਧਰਾ। ਮੈਂ ਸੰਦ ਵਲੇਵਾ ਕੱਠਾ ਕਰਕੇ ਦੀਂਹਦੇ ਦੀਂਹਦੇ ਝੁੰਬੀ ਵਿਚ ਧਰ ਦਿਆਂ", ਪ੍ਰੀਤੂ ਨੇ ਉਠਦਿਆਂ ਹੋਇਆਂ ਟਿੱਚਰ ਕੀਤੀ।

ਮੈਂ ਕੇਲੋਂ ਬਾਰੇ ਸੋਚਣ ਲਗ ਗਿਆ। ਕੁੜੀ ਸੱਚਮੁਚ ਹੀ ਹਜ਼ਾਰਾਂ ਵਿਚੋਂ ਇਕ ਸੀ ਅਤੇ ਸਹੁਰੀ ਵਿਚ ਮੜਕ ਵੀ ਬੜੀ ਸੀ। ਕਿਸੇ ਨਾਲ ਗੱਲ ਨਹੀਂ ਸੀ ਕਰਦੀ। ਉਹਦੀ ਦਾਦੀ ਦਾ ਪਹਿਰਾ ਬੜਾ ਸਖ਼ਤ ਸੀ। ਜਿਧਰ ਕੇਲੋਂ ਜਾਂਦੀ, ਹੱਥ ਵਿਚ ਸੋਟੀ ਫੜੀ ਦਾਦੀ ਉਹਦੇ ਨਾਲ ਹੁੰਦੀ। ਪਿੰਡ ਦੇ ਮੁੰਡੇ ਸੁੱਖਾਂ ਸੁਖਦੇ ਰਹਿੰਦੇ, ਕਿ ਰੱਬ ਉਸਦੀ ਦਾਦੀ ਨੂੰ ਸਾਂਭ ਲਵੇ। ਤੇ ਅਜਿਹੀ ਸੋਹਣੀ

MOVIES FOREIGN EXCHANGE CONCERT
SIHOTA DISTRIBUTORS
MANAGER KARTAR SINGH AHLUWALIA
3483 KINGSWAY, VANCOUVER, B.C., CANADA. V5R 5L5.
PHONE: 438-1304 324-2557

ਜੌਹਨਸਟਨ'ਜ਼ ਡਰਾਈਵਿੰਗ ਸਕੂਲ ਲਿਮਟਿਡ

**Johnston's DRIVING SCHOOL Ltd.**

8181 - MAIN STREET
VANCOUVER.

**$ 13 per hour or 6 lessons for $75**

COURTEOUS PROFESSIONAL
INSTRUCTIONS
FREE PICK UP

TEL. 324-7025





For Any Kind Of
INSURANCE
(Life, Accident, Sickness,
Mortgage & Childern)

Contact

RUPINDER S. AZAD
M.A., B.Ed.
of
SEA BOARD LIFE INSURANCE COMPANY
HEAD OFFICE: 1900 - W. BROADWAY, VANCOUVER, B.C.
OFFICE: 736-7431 RES.: 325-9077



**ਸੈਂਚਰੀ ਟਰੈਵਲ ਸਰਵਿਸ**

204-3310 ਫਰੇਜ਼ਰ ਸਟਰੀਟ, ਵੈਨਕੋਵਰ, ਬੀ.ਸੀ., ਕੈਨੇਡਾ

OFF: 874-9429 RES: 437-7997

CENTURY TRAVEL SERVICE

204 - 3310 Fraser St.
Vancouver, B. C., Canada
V5V 4C1

Lowest fares to India, Pakistan, Fiji,
Europe and All over The World

ਅਸੀਂ ਤੁਹਾਨੂੰ ਸਸਤੇ ਤੋਂ ਸਸਤੇ ਕਿਰਾਏ ਵਿੱਚ ਭਾਰਤ,
ਪਾਕਿਸਤਾਨ, ਫੀਜੀ, ਯੂਰਪ ਅਤੇ ਸਾਰੇ ਸੰਸਾਰ ਦੀ
ਯਾਤਰਾ ਕਰਵਾਉਣ ਦਾ ਵਾਅਦਾ ਕਰਦੇ ਹਾਂ।

Gursharn Sandhu





**MELTON**
REAL ESTATE (B.C.) LTD.

GURDAS S. MINHAS

1435 KINGSWAY
VANCOUVER 12, B. C.

OFF. 879-7571
RES. 325-0372

*B. C.'s First Computerized
Real Estate Service*

ਹਰ ਪਰਕਾਰ ਦੀ ਜਾਇਦਾਦ ਖਰੀਦਣ
ਜਾਂ ਵੇਚਣ ਸਮੇਂ ਤੁਹਾਨੂੰ ਸੋਗ ਰਾਇ
ਤੇ ਲਾਭਦਾਇਕ ਸੇਵਾਵਾਂ ਪੇਸ਼ ਕਰਦੇ ਹਾਂ।

ਗੁਰਦਾਸ ਸਿੰਘ
ਮਿਨਹਾਸ

ਟੈਲੀਫੋਨ:
ਦਫ਼ਤਰ: 879-7571
ਘਰ: 325-0372

ਵਤਨੋਂ ਦੂਰ

ਵਰਾਇਟੀ ਸ਼ੋਅ

ਜਿਸ ਵਿਚ 30 ਤੋਂ ਵਧ ਐਕਟਰ, ਗਾਇਕ, ਡਾਂਸਰ ਅਤੇ ਸੰਗੀਤਕਾਰ ਭਾਗ ਲੈ ਰਹੇ ਹਨ।

12 ਮਈ 1974 — ਦੁਪਹਿਰ ਢਾਈ ਵਜੇ

ਕਿਲਾਰਨੀ ਸੈਕੰਡਰੀ ਸਕੂਲ ਵਿਚ

ਟਿਕਟ: ਤਿੰਨ ਡਾਲਰ

ਫ਼ੋਨ: 874-5403 — ਫ਼ੋਨ: 873-3187

ਕੁੜੀ ਦੇ ਟਾਕਰੇ ਉਤੇ ਧਰਮੇ ਤੋਂ ਉਸ ਦੇ ਘਰ ਵਾਲੇ ਦਾ "ਸੁਹੱਪਣ" ਸੁਣ ਕੇ ਮੈਨੂੰ ਵੀ ਦੁੱਖ ਜਿਹਾ ਹੋਇਆ।

"ਸਾਲਾ ਬੂਝੜ ਜੱਟ ਜਮੀਨ ਦੇ ਚਾਰ ਬਿਘਿਆਂ ਤੇ ਡਿੱਗ ਪਿਆ", ਧਰਮੇ ਨੇ ਆਪ ਹੀ ਆਪਣੇ ਸਵਾਲ ਦਾ ਜਵਾਬ ਦੇ ਦਿਤਾ। ਉਹਨੂੰ ਰਹਿ ਰਹਿ ਕੇ ਕੈਲੋ ਦੇ ਪਿਉ ਉਤੇ ਕਰੋਧ ਚੜ੍ਹ ਰਿਹਾ ਸੀ। ਚਾਨਣ ਘਟਦਾ ਜਾ ਰਿਹਾ ਸੀ। ਅਸੀਂ ਪਿੰਡ ਨੂੰ ਤੁਰ ਪਏ। ਬਚੀ ਹੋਈ ਸ਼ਰਾਬ ਧਰਮੇ ਨੇ ਡੱਬ ਵਿਚ ਟੁੰਗ ਲਈ।

ਸਿੱਧੀ ਡੰਡੀ ਪੈਂਦਿਆਂ ਪ੍ਰੀਤੂ ਨੇ ਚੋਟ ਕੀਤੀ, "ਫ਼ੌਜੀਆ, ਲੈ ਇਹਦੇ ਵੰਨੀਂ ਕਦੇ ਝਾਕੀ ਨ੍ਹੀਂ ਹੋਣੀ। ਨਾ ਤਿਹੁੰ 'ਚ, ਨਾ ਤੇਰ੍ਹਾਂ 'ਚ, ਐਮੇ ਈ ਵਡਾ ਆਸ਼ਕ ਝੁਰੀ ਜਾਂਦੈ।"

"ਉਇ ਆਸ਼ਕ ਕਿਹੜਾ ਕੰਜਰ ਬਣਦੈ ? ਦੇਖ ਲੈ ਬਾਈ ਫੇਰ ਗੱਲ ਪੁੱਠੀ ਪਾਉਂਦੈ", ਉਹਨੇ ਮੇਰੇ ਕੋਲ ਉਜਰ ਕੀਤਾ, "ਬਾਈ ਜੇ ਕੋਈ ਉਹਦੇ ਵਰਗਾ ਲੈ ਜਾਂਦਾ, ਧਰਮ ਨਾਲ ਭੋਰਾ ਦੁਖ ਨਾ ਹੁੰਦਾ। ਪਰ ਉਇ ਮੇਰਾ ਸਾਲਾ ਜਮਾਂ ਡੰਗਰ ਐ", ਧਰਮੇ ਨੇ ਕਿਹਾ ਅਤੇ ਕੰਨ ਵਿਚ ਉਂਗਲੀ ਲੈ ਕੇ ਕੂਕ ਪਿਆ —

ਬਹੁਤੇ ਰੋਣਗੇ ਦਿਲਾਂ ਦੇ ਜਾਨੀ
ਮਾਪੇ ਤੈਨੂੰ ਘੱਟ ਰੋਣਗੇ .....

ਫੇਰ ਉਹ ਮੇਰੇ ਨੇੜੇ ਹੋ ਕੇ ਬੋਲਿਆ :

"ਬਾਈ ਜਦੋਂ ਕਦੇ ਕੋਲ ਦੀ ਲੰਘਦੀ ਸੀ, ਖਲਾਂ ਮੋਹ ਆਉਂਦਾ ਸੀ।"

ਗੱਲਾਂ ਕਰਦੇ ਕਰਦੇ ਅਸੀਂ ਪਿੰਡ ਨੇੜੇ ਪਹੁੰਚ ਗਏ। ਪ੍ਰੀਤੂ ਬੋਲਿਆ, "ਧਰਮਿਆਂ, ਇਹ ਲਿਜਾ ਕੇ ਜਰੂਰ ਫਸਣੈਂ ? ਜੇ ਕੋਈ ਸਪਾਹੀ ਪਿੰਡ ਆਇਆ ਹੋਇਆ....." ਤੇ ਉਹਨਾਂ ਨੇ ਢੱਕਣ ਖੋਲ੍ਹ ਲਿਆ। ਮੈਂ ਸੁੱਕੀ ਪੀਣ ਤੋਂ ਨਾਂਹ ਕਰ ਦਿਤੀ। ਉਂਜ ਵੀ ਮੈਂ ਬਹੁਤ ਪੀ ਚੁਕਿਆ ਸੀ।

"ਬਾਹਲੀ ਐ ਉਇ", ਪ੍ਰੀਤੂ ਨੇ ਬੋਤਲ ਨੂੰ ਅੱਖਾਂ ਨਾਲ ਲਾ ਕੇ ਅੰਦਾਜ਼ਾ ਲਾਉਂਦਿਆਂ ਕਿਹਾ ਅਤੇ ਦੋ ਘੁੱਟਾਂ ਭਰ ਗਿਆ। ਬਾਕੀ ਸ਼ਰਾਬ ਉਹਨੇ ਧਰਮੇ ਨੂੰ ਫੜਾ ਦਿਤੀ।

"ਬਾਹਲੀ ਕਾਹਦੀ ਐ !" ਧਰਮੇ ਨੇ ਬੋਤਲ ਫੜ ਲਈ ਅਤੇ ਮੂੰਹ ਨੂੰ ਲਾ ਕੇ ਬਚੀ ਹੋਈ ਸਾਰੀ ਸ਼ਰਾਬ ਪੀ ਗਿਆ। ਖ਼ਾਲੀ ਬੋਤਲ ਉਹਨੇ ਡੰਡੀ ਪਾਸੇ ਖੜ੍ਹੇ ਇਕ ਝਾੜ ਵਿਚ ਵਗਾਹ ਮਾਰੀ। ਗੰਡਾਸਾ ਉਹਨੇ ਧਰਤੀ ਉਤੇ ਮਾਰਿਆ ਅਤੇ ਲਹਿਰ ਵਿਚ ਆ ਕੇ ਕਿਹਾ, "ਆਓ ਬਈ, ਹੁਣ ਆਪਾਂ ਟੈਟ ਆਂ।"

ਸਾਡੇ ਘਰਾਂ ਨੂੰ ਬੁੱਟਰਾਂ ਦੇ ਘਰ ਕੋਲੋਂ ਦੀ ਹੋ ਕੇ ਲੰਘਣਾ ਪੈਂਦਾ ਸੀ। ਪਿੰਡ ਵੜਦਿਆਂ ਹੀ, ਉਹਨਾਂ ਦੇ ਘਰ ਦੇ ਨਾਲ ਲਗਦੀ ਧਰਮਸਾਲਾ ਵਿਚ ਬਰਾਤ ਵਾਲਿਆਂ ਦਾ ਲਾਇਆ ਲਾਊਡ ਸਪੀਕਰ ਕੰਨ ਖਾਣ ਲੱਗ ਪਿਆ। ਬੁੱਟਰਾਂ ਦੇ ਘਰ ਤਕ ਪਹੁੰਚਦਿਆਂ ਕੰਨ ਪਾਇਆ ਕੁਝ ਨਹੀਂ ਸੀ ਸੁਣਦਾ। ਧਰਮਾ ਬੁੱਟਰਾਂ ਦੇ ਘਰ ਕੋਲ ਰੁਕ ਗਿਆ ਅਤੇ ਉਹਨੇ ਜ਼ੋਰ ਦੀ ਲਲਕਾਰਾ ਮਾਰਿਆ, "ਓ......ਓ......"

ਪ੍ਰੀਤੂ ਨੇ ਉਹਨੂੰ ਬਾਹੋਂ ਫੜ ਕੇ ਧੱਕਾ ਦਿਤਾ, "ਮੇਰਿਆ ਸਾਲਿਆ, ਮਰਵਾਏਂਗਾ ਵਢਾ ਕੇ।"

ਮੈਂ ਵੀ ਉਹਦੀ ਬਾਂਹ ਫੜਦਿਆਂ ਕਿਹਾ, "ਧਰਮਿਆਂ ਕੀਤੀ ਨਾ ਓਹੋ ਗੱਲ !"

"ਉਇ ਬਾਈ ਆਪਣੇ ਮੂਹਰੇ ਬੋਲ੍ਹ ਕਿਹੜਾ ਸਾਲਾ", ਤੇ ਉਹ ਫੇਰ ਲਲਕਾਰਿਆ, "ਉਇ ਬੁੱਟਰਾ ਧੌਲ ਦਾੜ੍ਹੀਆ ਕੰਜਰਾ, ਤੇਰਾ ਨਰਕਾਂ 'ਚ ਵਾਸਾ ਓਇ......"

ਪ੍ਰੀਤੂ ਨੇ ਉਹਦੇ ਮੂੰਹ ਉਤੇ ਹੱਥ ਰਖ ਲਿਆ ਅਤੇ ਮੈਂ ਉਸ ਦੇ ਉਤੋਂ ਦੀ ਬਾਂਹ ਪਾ ਕੇ ਉਹਨੂੰ ਅਗਾਂਹ ਧੱਕ ਲਿਆ। ਸ਼ੁਕਰ ਸੀ, ਕਿ ਲਾਊਡ ਸਪੀਕਰ ਦੇ ਰੌਲੇ ਵਿਚ ਕਿਸੇ ਨੂੰ ਕੁਝ ਨਹੀਂ ਸੀ ਸੁਣ ਰਿਹਾ, ਨਹੀਂ ਤਾਂ ਕਾਰਾ ਹੋ ਗਿਆ ਸੀ।

ਪ੍ਰੀਤੂ ਉਹਨੂੰ ਗਾਲਾਂ ਦਿੰਦਾ ਗਿਆ। ਆਪਣੇ ਘਰਾਂ ਕੋਲ ਜਾ ਕੇ ਅਸੀਂ ਉਹਨੂੰ ਕੁਝ ਢਿਲਾ ਛੱਡ ਦਿਤਾ। ਉਹਨੇ ਸਿਰ ਮਾਰ ਕੇ ਪ੍ਰੀਤੂ ਦਾ ਹੱਥ ਮੂੰਹ ਤੋਂ ਪਰ੍ਹੇ ਕਰ ਦਿਤਾ ਅਤੇ ਬੋਲਿਆ, "ਪ੍ਰੀਤੂ, ਫ਼ੌਜੀਆ, ਬਾਈ ਤੁਸੀਂ ਸਮਝਦੇ ਓਂ, ਮੈਂ ਸ਼ਰਾਬੀ ਆਂ ? ਉਇ ਸਹੁੰ ਗੁਰੂ ਦੀ, ਮੈਂ ਸ਼ਰਾਬੀ ਨੀ ਉਇ। ਬਾਈ ਕਾਲਜਾ ਐਂ ਮਚਦੈ, ਬਈ ਕੰਜਰ ਜੱਟ ਨੇ ਤੋਰੀ ਦੀ ਵੇਲ ਜੰਡ ਤੇ ਚਾੜ੍ਹ ਤੀ ਉਇ......" ਤੇ ਉਹ ਭੁੱਬਾਂ ਮਾਰ ਕੇ ਰੋਣ ਲੱਗ ਪਿਆ। ●●

IMPORTERS EXPORTERS WHOLESALERS RETAILERS

ROKKO SAREES & FABRICS

OWNED AND OPERATED BY B.S. KHURANA AND SONS AND GRANDSONS

6201 FRASER ST., (At 46th Ave.) PHONE:
VANCOUVER-15, B.C, CANADA. 327-3033

# ਬਰਾਬਰੀ ਦੀ ਸਮਝ

ਸ਼੍ਰੀਕਾਂਤ ਚੌਧਰੀ

ਅਸਗਰ ਤਿੰਨ ਦਿਨਾਂ ਬਾਅਦ, ਅਣਥਕ ਯਤਨਾਂ ਪਿਛੋਂ ਘਰ ਦਾ ਰਾਸ਼ਨ ਲਿਆਉਣ 'ਚ ਸਫਲ ਹੋ ਗਿਆ। ਬੀ. ਏ. ਵਿੱਚੋਂ ਗੋਲਡ ਮੈਡਲ ਪ੍ਰਾਪਤ ਕਰਨ ਤੋਂ ਬਾਅਦ ਇਹ ਦੂਜਾ ਮੌਕਾ ਸੀ ਜਦੋਂ ਘਰ ਦੇ ਸਾਰੇ ਮੈਂਬਰਾਂ ਨੇ ਉਸ ਦੀ ਯੋਗਤਾ ਦਾ ਲੋਹਾ ਮੰਨਿਆ।

—ਹਰੇਕ ਮੈਂਬਰ ਲਈ ਅੱਧਾ ਕਿਲੋ ਖੰਡ ਤੇ ਦੋ ਕਿਲੋ ਆਟਾ, ਮਹੀਨੇ ਭਰ ਲਈ। ਅਸਗਰ ਦਾ ਛੋਟਾ ਭਰਾ ਸੁਣ ਕੇ ਹੈਰਾਨ ਰਹਿ ਗਿਆ।

—ਨਹੀਂ...ਨਹੀਂ...ਇੰਜ ਕਿਵੇਂ ਹੋ ਸਕਦਾ ਏ?

—ਕੀ ਗੱਲ ਏ ਮੁਹੰਮਦ? ਅਸਗਰ ਨੇ ਪੁੱਛਿਆ।

—ਭਾਈ ਜਾਨ ਇਹ ਅਨਿਆਂ ਏ। ਅਤਿਆਚਾਰ ਏ। ਪ੍ਰਧਾਨ ਮੰਤਰੀ ਦੇ ਬਾਲ-ਬੱਚੇ... ਵਿਚਾਰੇ ਸਾਰੇ-ਦੇ-ਸਾਰੇ ਇਕ ਵਕਤ ਰੋਜ਼ ਭੁੱਖੇ ਸੌਂਦੇ ਹੋਣਗੇ? ਮੁਹੰਮਦ ਸਿੱਸਕੀਆਂ ਭਰਨ ਲੱਗਾ। ਘਰ ਦੇ ਸਾਰੇ ਮੈਂਬਰ ਅਜੀਬ ਢੰਗ ਨਾਲ ਮੁਸਕਰਾਏ। ਤੂੰ ਉਹਨਾਂ ਦੀ ਚਿੰਤਾ ਕਾਹਨੂੰ ਕਰਨਾ? ਉਹ ਪ੍ਰਧਾਨ ਮੰਤਰੀ ਦੇ ਬੱਚੇ ਨੇ, ਉਨ੍ਹਾਂ ਨੂੰ ਕੋਈ ਘਾਟਾ ਨਹੀਂ।

ਮੁਹੰਮਦ ਨੇ ਰੋਂਦੇ ਹੋਏ ਵਿਰੋਧ ਕੀਤਾ।

—ਤੁਸੀਂ ਝੂਠ ਬੋਲਦੇ ਓ। ਪ੍ਰਧਾਨ ਮੰਤਰੀ ਦੇ ਬੱਚੇ ਨੇ ਤਾਂ ਕੀ ਹੋਇਆ? ਆਖਿਰ ਹੈ ਤਾਂ ਇਸੇ ਦੇਸ਼ ਦੇ ਨਾਗਰਿਕ ਉਨ੍ਹਾਂ ਨੂੰ ਵੀ ਏਨਾ ਹੀ ਰਾਸ਼ਨ ਮਿਲਦਾ ਹੋਵੇਗਾ...ਆਹ! ਵਿਚਾਰੇ... ਅੱਧੇ ਭੁੱਖੇ ਸੌਂਦੇ ਹੋਣਗੇ।

—ਬੜਾ ਮੂਰਖ ਏਂ ਤੂੰ! ਕਿਹਾ ਏ ਨਾ—ਉਹ ਸਭ ਵੱਡੇ ਆਦਮੀ ਨੇ...ਕਿਸੇ ਚੀਜ਼ ਦਾ ਘਾਟਾ ਨਹੀਂ।

—ਨਹੀਂ...ਨਹੀਂ...ਮੈਂ ਨਹੀਂ ਮੰਨਦਾ। ਸੰਵਿਧਾਨ ਸਾਹਮਣੇ ਸਭ ਬਰਾਬਰ ਨੇ... ਵਿਚਾਰੇ...ਰਾਜ ਵੀ ਕਰਦੇ ਨੇ ਤੇ ਸਾਡੀ ਤਰ੍ਹਾਂ ਭੁੱਖੇ...ਮੁਹੰਮਦ ਦੀਆਂ ਹਿਚਕੀਆਂ ਤੇਜ਼ ਹੋ ਗਈਆਂ। ਸਭ ਉਸ ਦੀ ਨਾ-ਸਮਝੀ ਤੇ ਹਸ ਰਹੇ ਸਨ, ਤੇ ਉਹ...ਰੋ ਰਿਹਾ ਸੀ। ●●

# ਸਮਾਜਵਾਦ

ਜਸਵੰਤ ਕੋਠਾਰੀ

ਪਰਸੋਂ ਮੈਨੂੰ ਰਸਤੇ 'ਚ ਅਲਾਦੀਨ ਮਿਲ ਗਿਆ। ਉਮਰ, ਸਮਾਂ, ਅਕਾਲ ਤੇ ਗ਼ਰੀਬੀ ਦੀ ਸਪਸ਼ਟ ਤਸਵੀਰ ਉਸ ਦੇ ਚਿਹਰੇ ਤੇ ਵਿਖਾਈ ਦੇ ਰਹੀ ਸੀ। ਉਸ ਨੂੰ ਦੁਖੀ ਵੇਖ ਕੇ ਮੈਂ ਵੀ ਦੁਖੀ ਹੋ ਗਿਆ। ਉਸ ਨੇ ਰੋਂਦੇ ਹੋਏ ਮੈਨੂੰ ਦਸਿਆ—ਕਿ ਉਸ ਨੇ ਆਪਣੇ ਜਿੰਨ ਨੂੰ ਕਿਹਾ ਸੀ—ਦੇਸ਼ 'ਚ ਸਮਾਜਵਾਦ ਲੈ ਆਓ। ਮਗਰ ਉਸ ਦਿਨ ਤੋਂ ਜਿੰਨ ਜੋ ਗਿਆ—ਅੱਜ ਤੀਕ ਵਾਪਸ ਹੀ ਨਹੀਂ ਆਇਆ।

—ਵਿਚਾਰਾ ਅਲਾਦੀਨ, ਮੈਨੂੰ ਉਸ ਨਾਲ ਹਮਦਰਦੀ ਏ। ●● ਅਨੁਵਾਦਕ: ਅਜਮੇਰ

FOR
LIFE INSURANCE
EDUCATION PLAN
MORTGAGE PLAN
RETIREMENT REGISTERED SAVING PLAN

CONTACT
DALJIT GREWAL
OFF: 685-7231 RES: 879-0796
OF
NATIONAL LIFE OF CANADA
SUITE 501, 1155-WEST PENDER STREET,
VANCOUVER, B.C.
Phone: 685-7231

## FILM INFORMATION

1. QUEEN ELIZABETH PLAYHOUSE, Vancouver
   Call: Avtar Bains (325-7369) — Amarjit Binning (327-9573)
2. METRO THEATRE, Vancouver & CENTENNIAL, N. Vancouver
   Call: Horizon Films Ltd. (299-6710) 24 hrs.
3. CENTENNIAL THEATRE, Surrey
   Call: Ajanta Films (434-9812) & (435-6227)
4. OLYMPIA THEATRE, Vancouver
   Call: S & S Pictures (874-2249)
5. YORK THEATRE, Vancouver
   Call: Evergreen Films (255-0141)
   Patel's Deluxe Mart (255-6729

SHOW TIMES:
EVERY SATURDAY 8 P.M. — EVERY SUNDAY 3:30 & 8 P.M.

MOVIES FOREIGN EXCHANGE CONCERT
SIHOTA DISTRIBUTORS
MANAGER KARTAR SINGH AHLUWALIA
3483 KINGSWAY, VANCOUVER, B.C., CANADA. V5R 5L5-
PHONE: 438-1304 324-2557

# ਚਿੜੀਆ ਘਰ



ਪ੍ਰਿੰਸੀਪਲ ਕਨੱਈਆ ਲਾਲ ਕਪੂਰ

ਦੇਵਤੇ ਨੇ ਆਪਣੇ ਇਕ ਸਾਥੀ ਮਿੱਤਰ ਨੂੰ ਕਿਹਾ, "ਆ ਯਾਰ, ਹੁਣ ਮੈਂ ਤੈਨੂੰ, ਇਸ ਦੁਨੀਆਂ ਦੇ ਸਭ ਤੋਂ ਵੱਡੇ ਚਿੜੀਆ ਘਰ ਦੀ ਸੈਰ ਕਰਾਵਾਂ।"

ਤੇ ਦੋਵੇਂ ਰੱਲ ਕੇ ਟੁਰ ਪਏ। ਕੁਝ ਦੇਰ ਆਕਾਸ਼ 'ਚ ਉਡਦੇ ਰਹੇ, ਤੇ ਫਿਰ ਇਕ ਅਜੀਬ ਜਿਹੀ ਵਿਉਂਤ ਨਾਲ ਬਣਿਆ ਅਤ ਸੁੰਦਰ ਵਡਾ ਸਾਰਾ ਚਿੜੀਆ ਘਰ ਉਹਨਾਂ ਨੂੰ ਦਿਸਿਆ। ਉਹ ਰੁਕ ਗਏ, ਤੇ ਚਿੜੀਆ ਘਰ ਅੰਦਰ ਦਾਖਿਲ ਹੋ ਗਏ। ਉਥੇ ਕਈ ਪ੍ਰਕਾਰ ਦੇ ਪਿੰਜਰੇ ਸਨ। ਤੇ ਅਨੇਕਾਂ ਜਾਨਵਰ, ਕਈ ਕ਼ਿਸਮ ਦੇ ਪੰਛੀ ਵੀ ਤੇ ਚੁਪਾਏ ਵੀ, ਪਿੰਜਰਿਆਂ ਅੰਦਰ ਡਕੇ ਹੋਏ ਸਨ। ਸੋ ਦਿਲਚਸਪ ਵਾਤਾਵਰਣ ਵੇਖ ਉਹ ਸੈਰ ਕਰਨ ਨੂੰ ਉਥੇ ਹੀ ਇਧਰ ਉਧਰ ਘੁੰਮਣ ਫਿਰਨ ਲਗੇ।

ਸਭ ਤੋਂ ਪਹਿਲਾਂ ਦੇਵਤੇ ਨੇ ਆਪਣੇ ਸਾਥੀ ਨੂੰ ਇਕ ਪਿੰਜਰਾ ਵਿਖਾਇਆ, ਜਿਸ ਅੰਦਰ ਇਕ ਜਨੌਰ ਡਕਿਆ ਹੋਇਆ ਸੀ। ਉਸ ਦਾ ਸਿਰ ਗੰਜਾ ਸਫ਼ਾ ਚੱਟ ਲਿਸ਼ਕਾਂ ਮਾਰਦਾ ਸੀ, ਤੇ ਠੋਡੀ ਪੁਰ ਕੁਝ ਲੰਮੇ ਲੰਮੇ ਵਾਲ ਸਨ। ਪੂਛ ਗ਼ਾਇਬ ਸੀ। ਉਹ ਉਨ੍ਹਾਂ ਵਲ ਬਿਟ ਬਿਟ ਤਕਦਾ ਪਿਆ ਸੀ। ਉਹਦੇ ਪਿੰਜਰੇ ਬਾਹਰ ਇਹ ਬੋਰਡ ਲਟਕ ਰਿਹਾ ਸੀ : "ਖਤਰਾ, ਪਿੰਜਰੇ ਨੇੜੇ ਕੈਂਚੀ ਜਾਂ ਉਸਤਰਾ ਲਿਜਾਣਾ ਸਖ਼ਤ ਮਨ੍ਹਾਂ ਹੈ।"

ਉਸਦੇ ਨਾਲ ਦੇ ਪਿੰਜਰੇ ਅੰਦਰ ਇਕ ਮਦੀਨ ਡੱਕੀ ਹੋਈ ਸੀ, ਤੇ ਉਹ ਕਪੜੇ ਦੇ ਥੈਲੇ ਵਿਚ ਇੰਜ ਵਲੇਟੀ ਹੋਈ ਸੀ ਕਿ ਪਤਾ ਨਹੀਂ ਸੀ ਲਗਦਾ ਕਿ ਉਹ ਗਲਾਫ਼ ਹੈ ਜਾਂ ਖਫ਼ਣ। ਇਹ ਵੇਖ ਦੇਵਤੇ ਦੇ ਮਿੱਤਰ ਨੇ ਪੁਛਿਆ "ਇਹ ਗਲਾਫ਼ ਲਾਹ ਕਿਉਂ ਨਹੀਂ ਛੱਡਦੀ ?" ਜੁਵਾਬ 'ਚ ਉਸ ਨੇ ਕਿਹਾ "ਇਸ ਲਈ, ਕਿ ਹਵਾ ਨਾ ਲਗ ਜਾਵੇ।"

ਟੁਰਦਿਆਂ ਕਈ ਪਿੰਜਰੇ ਵੇਖਦਿਆਂ ਫਿਰ ਉਹ ਦੋਵੇਂ ਇਕ ਵਡੇ ਪਿੰਜਰੇ ਪਾਸ ਪੁੱਜੇ। ਉਸ ਵਿਚ ਰੰਗ ਬਰੰਗੇ ਤੋਤੇ ਡੱਕੇ ਹੋਏ ਸਨ। ਤੋਤੇ ਬੜੇ ਜ਼ੋਰ ਸ਼ੋਰ ਨਾਲ ਆਪੋਂ ਵਿਚ ਲੜ ਝਗੜ ਰਹੇ ਸਨ। ਕੁਝ ਕਹਿੰਦੇ ਸਨ ਕਿ ਸਾਰੇ ਚਿੜੀਆ ਘਰ ਦੀ ਬੋਲੀ ਇਕੋ ਹੋਣੀ ਚਾਹੀਦੀ ਹੈ, ਜਿਵੇਂ "ਉਰ ਰ ਉਰ-ਰ", ਤੇ ਦੂਜੇ ਕਹਿੰਦੇ ਸਨ, ਹਾਂ ਠੀਕ ਏ ਇਕੋ ਹੋਣੀ ਚਾਹੀਦੀ ਏ, ਪਰ ਹੋਵੇ ਉਹ—"ਹਿਣ-ਹਿਣ।"

"ਉਰ-ਰ" ਵਾਲੇ ਕਹਿੰਦੇ ਸਨ, ਕਿ ਇਹ ਬੋਲੀ ਸੌਖੀ ਏ ਤੇ ਦੂਜੇ ਕਹਿੰਦੇ ਸਨ, "ਹਿੰਣ ਹਿੰਣ" ਬੋਲੀ ਵਿਚ ਮਿਠਾਸ ਵੀ ਹੈ ਤੇ ਪਿਆਰ ਵੀ। ਤੇ ਫਿਰ ਉਰ-ਰ ਉਰ-ਰ ਵਾਲੇ ਕਹਿੰਦੇ "ਹਿੰਣ-ਹਿੰਣ" ਬੋਲੀ ਬੋਲਣੀ ਮੁਸ਼ਕਲ ਏ। ਫਿਰ ਹਿੰਣ ਹਿੰਣ ਵਾਲੇ ਕਹਿੰਦੇ, ਇਹ ਸਾਡੇ ਬਜ਼ੁਰਗਾਂ ਦੀ ਬੋਲੀ ਏ, 'ਉਰ-ਰ' ਬੋਲੀ ਨੂੰ ਵੀ ਇਨ੍ਹਾਂ ਹੀ ਜਨਮ ਦਿਤਾ ਹੈ, ਸੋ "ਹਿੰਣ ਹਿੰਣ" ਮਾਂ ਹੈ, ਤੇ "ਉਰ-ਰ ਉਰ-ਰ" ਧੀ। ਅਸੀਂ ਮਾਂ ਨੂੰ ਛੱਡ ਧੀ ਨੂੰ ਕਿਵੇਂ ਮੰਨ ਸਕਦੇ ਹਾਂ। ਇੰਜ ਝਗੜਦਿਆਂ ਉਹ ਫਿਰ ਲੜਨਾ ਸ਼ੁਰੂ ਕਰ ਦੇਂਦੇ। ਇਕ ਪਾਸਿਓਂ ਇਕ ਟੋਲੀ "ਉਰ-ਰ" "ਉਰ-ਰ" ਕਰਦੀ, ਤੇ ਦੂਜੀ ਵਲੋਂ "ਹਿੰਣ-ਹਿੰਣ" ਦੀ ਪੁਕਾਰ ਹੁੰਦੀ। ਇਹ ਕੁਝ ਵੇਖ ਦੇਵਤੇ ਦਾ ਮਿੱਤ੍ਰ ਬੜਾ ਖੁਸ਼ ਹੋਇਆ।

ਉਥੋਂ ਅਗਾਂਹ ਜਾਂਦਿਆਂ ਇਕ ਪਿੰਜਰੇ ਵਿਚ ਡੱਕੇ ਗਿੱਦੜ ਸ਼ੋਰ ਮਚਾ ਰਹੇ ਸਨ। ਉਥੇ ਉਹ ਰੁਕੇ। ਗਿੱਦੜ ਇੰਜ ਚਿੰਘਾੜ ਰਹੇ ਸਨ, ਜਿਵੇਂ ਕਿ ਉਹ ਸ਼ੇਰ ਹਨ ਗਿੱਦੜ ਨਹੀਂ। ਉਹਨਾਂ ਦਾ ਗਿੱਦੜ ਲੀਡਰ ਉੱਚੀ ਉਚੀ ਚੰਘਾੜਦਾ ਕਹਿ ਰਿਹਾ ਸੀ, "ਅਸੀਂ ਬਹਾਦਰ ਹਾਂ, ਬੜੇ ਬਹਾਦਰ, ਕਿਉਂਕਿ ਸਾਡੇ ਬਜ਼ੁਰਗ ਬੜੇ ਬਹਾਦਰ ਸਨ।" ਬਾਕੀ ਦੇ ਗਿੱਦੜ ਕਹਿੰਦੇ ਸਨ, "ਕੀ ਹੋਇਆ ਕਿ ਅੱਜ ਸਾਨੂੰ ਗਿੱਦੜ ਕਿਹਾ ਜਾਂਦਾ ਹੈ, ਇਕ ਸਮਾਂ ਸੀ ਕਿ ਸ਼ੇਰ ਤੇ ਚੀਤੇ ਸਾਥੋਂ ਡਰਦੇ ਸਨ।" ਇਹ ਸੁਣ ਦੇਵਤੇ ਦਾ ਮਿੱਤ੍ਰ ਮੁਸਕ੍ਰਾਇਆ, ਤੇ ਕਹਿਣ ਲਗਾ, "ਇਹ ਕੀ ਅਜੀਬ ਖੇਡ ਹੈ ?" ਦੇਵਤੇ ਉੱਤਰ 'ਚ ਕਿਹਾ, "ਇਹ ਕੀ, ਇਸ ਤੋਂ ਵੀ ਵਧ ਤੇ ਅਜੀਬ ਅਜੀਬ ਦਾਅਵੇ ਹਨ, ਆਓ ਵੇਖੀਏ।"

ਇਸ ਪਿੰਜਰੇ ਤੋਂ ਥੋੜੀ ਹੀ ਅਗਾਂਹ, ਕੁਝ ਸਹੇ ਇਸ ਮਸਲੇ ਤੇ ਸ਼ੋਰ ਕਰ ਰਹੇ ਸਨ, ਕਿ ਪਿੰਜਰੇ ਦੇ ਮਾਲਕ ਕੌਣ ਹਨ ? ਚਿਟੇ ਸਹੇ ਦਾਅਵਾ ਕਰਦੇ ਸਨ ਕਿ "ਮਾਲਕ ਉਹ ਹਨ, ਕਿਉਂ ਜੋ ਉਹ ਪਹਿਲਾਂ ਆਏ ਸਨ, ਤੇ ਖਾਕੀ ਸਹੇ ਕਹਿੰਦੇ ਸਨ, ਕਿ ਪਿੰਜਰੇ ਦੇ ਮਾਲਕ ਅਸੀਂ ਹਾਂ ਕਿਉਂ ਜੋ ਦੂਜੇ ਪਿਛੋਂ ਆਏ ਹਨ।" ਬੱਸ ਦੋਹਾਂ ਧਿਰਾਂ ਦੀ ਖੂਬ ਬਹਿਸ ਜਾਰੀ ਸੀ। ਪਰ ਪਿੰਜਰੇ ਦੇ ਅਸਲੀ ਮਾਲਕ ਜਿਹੜੇ ਕਾਲੇ ਰੰਗ ਦੇ ਸਹੇ ਸਨ, ਪੂਰਬੀ ਤੇ ਦੱਖਣੀ ਪਾਸੇ ਦੀ ਨੁਕਰੇਂ ਸਹਿਮੇ ਬੈਠੇ ਸਨ। ਕਦੀ ਕਦੀ ਉਹ ਕਹਿ ਉਠਦੇ ਸਨ, ਪਿੰਜਰੇ ਦੇ ਮਾਲਕ ਨਾ ਚਿਟੇ ਰੰਗ ਦੇ ਸਹੇ ਹਨ ਤੇ ਨਾ ਹੀ ਖ਼ਾਕੀ ਰੰਗ ਦੇ। ਅਸਲ ਮਾਲਕ ਅਸੀਂ ਹਾਂ, ਕਾਲੇ ਰੰਗ ਦੇ ਸਹੇ। ਤੁਸੀਂ ਸਭ ਪ੍ਰਦੇਸੀ ਹੋ, ਸਾਰੇ ਚਿੜੀਆ ਘਰ ਦਾ ਮਾਲਕ ਵੀ ਪ੍ਰਦੇਸੀ ਹੈ।

ਦੇਵਤਾ ਤੇ ਉਸਦਾ ਮਿੱਤ੍ਰ ਉਥੋਂ ਟੁਰ ਪਏ, ਤੇ ਇਕ ਵਡੇ ਸਾਰੇ ਪਿੰਜਰੇ ਸਾਮ੍ਹਣੇ ਆ ਖਲੋਤੇ। ਉਸ 'ਚ ਪੂਛ ਕਟੇ ਬਾਂਦਰ ਸਨ। ਉਹ ਸਾਰੇ ਇਕ ਵਿਚਾਰ ਵਿਚ ਗ਼ਮਗ਼ੀਨ ਸਨ, ਕਿ ਬਾਂਦਰਾਂ ਦਾ ਕੁਦਰਤੀ ਭੋਜਨ ਸਬਜ਼ੀਆਂ ਹਨ, ਜਾਂ ਮਾਸ ਮੱਛੀ। ਬਹੁਤੇ ਬਾਂਦਰ ਵੇਜੀਟੇਰੀਅਨ ਹੋਣ ਦੇ ਹੱਕ ਵਿਚ ਸਨ, ਤੇ ਕੁਝ ਮਾਸ ਮੱਛੀ ਪਸੰਦ ਕਰਦੇ ਸਨ। ਕਿਉਂਕਿ ਸਬਜ਼ੀਆਂ ਦੇ ਪਾਸੇ ਵਾਲੇ ਬਾਂਦਰ, ਮਾਸ ਆਹਾਰੀਆਂ ਨੂੰ ਨਾਪਾਕ ਮੰਨਦੇ ਤੇ ਘ੍ਰਿਣਾ ਕਰਦੇ ਸਨ, ਪਰ ਇਸ ਦੇ ਨਾਲ ਹੀ ਮੁਸੀਬਤ ਇਹ ਸੀ ਕਿ ਜਿਨ੍ਹਾਂ ਬੰਦਰਾਂ ਨੂੰ ਮਾਸ ਪਸੰਦ ਸੀ, ਉਹ ਉਹ ਵੀ ਦੋ ਹਿੱਸਿਆਂ 'ਚ ਵੰਡੇ ਹੋਏ ਸਨ। ਇਕ ਹਿੱਸਾ ਸਮਝਦਾ ਸੀ ਕਿ ਉਨ੍ਹਾਂ ਜਨੌਰਾਂ ਦਾ ਮਾਸ ਚੰਗਾ ਹੁੰਦਾ

MOVIES FOREIGN EXCHANGE CONCERT

**SIHOTA DISTRIBUTORS**

MANAGER KARTAR SINGH AHLUWALIA

3483 KINGSWAY, VANCOUVER, B.C., CANADA. V5R 5L5.

PHONE: 438-1304 324-2557

ਹੈ, ਜਿਸਨੂੰ ਹੌਲੇ ਹੌਲੇ ਮੌਤ ਦੀ ਨੀਂਦ ਸੁਆਇਆ ਜਾਵੇ, ਤੇ ਦੂਜਾ ਹਿੱਸਾ ਉਸ ਮਾਸ ਨੂੰ ਪਵਿੱਤ੍ਰ ਗਿਣਦਾ ਸੀ, ਜਿਸਨੂੰ ਇਕ ਦਮ ਬਿਲੇ ਲਾਇਆ ਜਾਵੇ।

ਤੇ ਇਸ ਪਿਜਰੇ ਤੋਂ ਥੋੜੀ ਦੂਰ ਤੇ ਇਕ ਬੋਰਡ ਲਗਾ ਹੋਇਆ ਸੀ "ਖਤਰਾ"। ਦੇਵਤੇ ਦੇ ਮਿੱਤ੍ਰ ਨੇ ਉਧਰ ਜਾਣਾ ਚਾਹਿਆ ਪਰ ਦੇਵਤੇ ਨੇ ਝਟ ਪਿਛਾਂ, ਖਿਚ ਲਿਆ, ਤੇ ਕਿਹਾ "ਇਸ ਪਿੰਜਰੇ ਦੇ ਨੇੜੇ ਨ ਜਾਓ, ਦੂਰ ਦੂਰ ਰਹੋ। ਇਸ ਵਿਚ ਨਾਪਾਕ ਬਾਂਦਰ ਬੰਦ ਹਨ।"

ਉਹਦਾ ਮਿੱਤਰ ਬੜਾ ਹੈਰਾਨ ਹੋਇਆ, ਤੇ ਪੁਛਿਆ, "ਇਹ ਨਾਪਾਕ ਬਾਂਦਰ, ਕਿਉਂ ?"

ਦੇਵਤਾ : "ਇਨ੍ਹਾਂ ਨੂੰ ਵਖਰੇ ਬੰਦ ਕਰ ਰਖਿਆ ਗਿਆ ਹੈ। ਇਹ ਇਨੇਂ ਖਤਰਨਾਕ ਹਨ, ਕਿ ਜੇ ਕਰ ਇਨ੍ਹਾਂ ਦਾ ਪ੍ਰਛਾਵਾਂ ਵੀ ਦੂਜਿਆਂ ਤੇ ਪੈ ਜਾਵੇ, ਤਾਂ ਉਹ ਭਰਿਸ਼ਟੇ ਜਾਂਦੇ ਹਨ।"

ਦੇਵਤੇ ਦੇ ਸਾਥੀ ਨੇ ਇਹ ਸੁਣ ਫਿਰ ਪੁਛਿਆ, "ਇਹਨਾਂ ਦਾ ਕਦ ਕਾਠ ਤੇ ਸੂਰਤ ਉਨ੍ਹਾਂ ਵਾਂਗੂ ਹੀ ਹੈ, ਤੇ ਕੁਝ ਉਨ੍ਹਾਂ ਨਾਲੋਂ ਭੀ ਸੋਹਣੇ ਹਨ, ਫਿਰ ਇਨ੍ਹਾਂ ਨੂੰ ਇੰਜ ਭਰਿਸ਼ਟੇ ਹੋਏ ਕਿਉਂ ਮੰਨਿਆ ਜਾਂਦਾ ਹੈ ?"

ਦੇਵਤਾ : "ਤੁਸੀਂ ਪਹਿਲਾਂ ਹੀ ਕਹਿੰਦੇ ਸੌ, ਕਿ ਇਥੇ ਅਜਬ ਅਜਬ ਗਲਾਂ ਹਨ, ਇਹ ਵੀ ਉਨ੍ਹਾਂ ਚੋਂ ਇਕ ਸਮਝ ਲੋ ਬੱਸ।"

ਇਸ ਤੋਂ ਅਗੇ ਇਕ ਪਿੰਜਰਾ ਹੋਰ ਆਇਆ। ਵਡੀ ਸਾਰੀ ਵਲਗਣ ਵਲੀ ਹੋਈ ਸੀ, ਜਿਸ ਵਿਚ ਇਕ ਨਕਲੀ ਪਹਾੜੀ ਤੇ ਇਕ ਬੜਾ ਸੋਹਣਾ ਚਾਨਣ ਮੁਨਾਰਾ ਬਣਿਆ ਹੋਇਆ ਸੀ। ਉਸ ਤੀਕ ਪੁਜਣ ਲਈ ਕਈ ਰਾਹ ਬਣੇ ਹੋਏ ਸਨ। ਪਿੰਜਰੇ ਵਿਚ ਡਕੇ ਜਨੌਰ ਉਨ੍ਹਾਂ ਰਾਹਾਂ ਪੁਰ ਚਲ ਕੇ ਮੁਨਾਰੇ ਤੀਕ ਪੁੱਜਣ ਦਾ ਯਤਨ ਕਰਦੇ ਸਨ, ਪਰ ਹੈਰਾਨੀ ਦੀ ਗੱਲ ਇਹ ਸੀ, ਕਿ ਸਾਰੇ ਬਣੇ ਰਾਹ ਮੁਨਾਰੇ ਨੂੰ ਪੁਜ ਜਾਂਦੇ ਸਨ, ਪਰ ਉਹ ਸਾਰੇ ਇਸ ਗੱਲ ਤੇ ਝਗੜ ਰਹੇ ਸਨ, ਕਿ ਕਿਹੜਾ ਰਾਹ ਚੰਗਾ ਹੈ; ਤੇ ਕਿਹੜਾ ਰਾਹ ਭੈੜਾ। ਦਰਅਸਲ ਸਾਰੇ ਹੀ ਰਾਹ ਇਕੋ ਜਿਹੇ ਸਨ।

ਦੇਵਤੇ ਤੇ ਉਸਦੇ ਮਿਤ੍ਰ ਨੇ ਵੇਖਿਆ ਕਿ ਉਹ ਜਨੌਰ ਪਹਾੜੀ ਤੇ ਚੜ੍ਹਨਾ ਛੱਡ ਰਾਹ ਵਿਚ ਹੀ ਰੁਕ ਜਾਂਦੇ ਤੇ ਆਪੋ ਵਿਚ ਝਗੜਣਾਂ ਸ਼ੁਰੂ ਕਰ ਦੇਂਦੇ, ਕਿ ਉਨ੍ਹਾਂ ਦਾ ਰਸਤਾ ਦੂਜੇ ਦੇ ਰਾਹ ਨਾਲੋਂ ਚੰਗਾ ਹੈ। ਇਹ ਵੇਖ ਦੇਵਤੇ ਨੇ ਮਿੱਤ੍ਰ ਦੇ ਕੰਨ 'ਚ ਹੌਲੀ ਜਿਹਾ ਕਿਹਾ, "ਜੇ ਕਰ ਇਹ ਝਗੜਨਾਂ ਛੱਡ ਕੇ ਆਪਣੇ ਰਾਹ ਟੁਰ ਪੈਣ ਤਾਂ ਸ਼ਾਇਦ ਮੀਨਾਰ ਤਕ ਛੇਤੀ ਪੁਜ ਸਕਣ।"

ਹੁਣ ਇਕ ਪਿੰਜਰਾ ਬਾਕੀ ਰਹਿ ਗਿਆ ਸੀ, ਉਸ ਪਾਰਲੀ ਨੁਕਰੇ। ਦੇਵਤੇ ਨੇ ਮਿੱਤ੍ਰ ਨੂੰ ਕਿਹਾ, "ਆਉ ਲਗਦੇ ਹਥ ਇਹ ਵੀ ਵੇਖ ਲਈਏ।"

ਦੋਵੇਂ ਉਸ ਦੇ ਨੇੜੇ ਹੋਏ। ਇਕ ਅਜਬ ਨਜ਼ਾਰਾ ਸੀ। ਉਥੇ ਇਕ ਪੂਛ ਕਟਿਆ ਬਾਂਦਰ ਦੋ ਟੰਗਾਂ ਦੇ ਸਹਾਰੇ ਆਕੜ ਕੇ ਖੜੋਤਾ ਹੋਇਆ ਸੀ। ਉਸ ਪਾਸ ਇਕ ਵਡਾ ਸਾਰਾ ਥੈਲਾ ਸੀ, ਜਿਸ ਵਿਚ ਕੁਝ ਰੋਟੀਆਂ ਤੇ ਕੁਝ ਭੁੰਨੀਆਂ ਹੋਈਆਂ ਮੱਛੀਆਂ ਸਨ। ਉਹ ਥੈਲੇ ਵਿਚੋਂ ਰੋਟੀ ਦੀ ਇਕ ਗਰਾਹੀ ਕਢਦਾ ਤੇ ਪਿੰਜਰੇ ਦੇ ਡੱਕੇ ਕੁਤਿਆਂ ਨੂੰ ਵਿਖਾਂਦਾ। ਕੁਝ ਕੁਤੇ ਉਸਦੇ ਨੇੜੇ ਆਉਂਦੇ, ਤੇ ਪੂਛ ਹਿਲਾ ਕੇ ਆਪਣੇ ਪਿਆਰ ਦਾ ਸਬੂਤ ਦੇਂਦੇ। ਕੁਝ ਉਸ ਦੇ ਪੈਰ ਚੁੰਮਦੇ ਤੇ ਲੋਟ ਪੋਟ ਹੋ ਜਾਂਦੇ। ਕੁਝ ਉਸਦੇ ਦਵਾਲੇ ਚਕਰ ਕਟਦੇ ਰਹਿੰਦੇ। ਇਵੇਂ ਉਹ ਬੰਦਰ ਇਕ ਗਰਾਹੀ ਰੋਟੀ ਦੀ ਜਾਂ ਭੁੰਨੀ ਹੋਈ ਮੱਛੀ ਦਾ ਟੁਕੜਾ ਉਨ੍ਹਾਂ ਵਲ ਸੁਟਦਾ।

ਹੁਣ ਸਾਰੇ ਕੁਤੇ ਇਹ ਵੇਖ ਰੌਲਾ ਪਾਂਦੇ ਤੇ ਆਖਦੇ "ਬਾਂਦਰ ਸਾਹਿਬ, ਇਨ੍ਹਾਂ ਕੁੱਤਿਆਂ ਪੁਰ ਜ਼ਿਆਦਾ ਮਿਹਰਬਾਨੀ ਕਰਦੇ ਹੋ।" ਇਹ ਸੁਣ ਉਹ ਬਾਂਦਰ ਉੱਚੀ ਸਾਰੀ ਕਹਿੰਦਾ, "ਤੁਸੀਂ ਵੀ ਪੂਛ ਹਿਲਾਉ। ਤੁਹਾਨੂੰ ਵੀ ਰੋਟੀ ਤੇ ਮੱਛੀ ਮਿਲੇਗੀ।"

ਇਸ ਤੇ ਉਹ ਕੁੱਤੇ ਵੀ ਜ਼ੋਰ ਨਾਲ ਪੂਛ ਹਿਲਾਣੀ ਸ਼ੁਰੂ ਕਰ ਦੇਂਦੇ ਤੇ ਫਿਰ ਇਹ ਵੇਖ ਪਹਿਲੀ ਟੋਲੀ ਪਹਿਲਾਂ ਨਾਲੋਂ ਵੀ ਜ਼ੋਰ ਨਾਲ ਭੌਂਕਣਾ ਅਰੰਭ ਦੇਂਦੀ ਤੇ ਕਹਿੰਦੀ "ਸਾਹਿਬ, ਅਸੀਂ ਉਨ੍ਹਾਂ ਤੋਂ ਸੁਹਣੀ ਤਰ੍ਹਾਂ ਪੂਛ ਹਿਲਾ ਸਕਦੇ ਹਾਂ, ਰੋਟੀ ਤੇ ਮੱਛੀ ਸਿਰਫ ਸਾਨੂੰ ਮਿਲਣੀ ਚਾਹੀਦੀ ਏ।" →

← ਇਹ ਸੁਣ ਉਹ ਬਾਂਦਰ ਇਨ੍ਹਾਂ ਦੀ ਪਿੱਠ ਤੇ ਹੱਥ ਫੇਰਦਿਆਂ ਸ਼ਾਬਸ਼ ਦੇਂਦਾ ਤੇ ਕਹਿੰਦਾ "ਸ਼ਾਬਾਸ਼ ਨਿਮਕ ਹਲਾਲ ਕੁੱਤਿਓ, ਸ਼ਾਬਾਸ਼!" ਤੇ ਇਨ੍ਹਾਂ ਵਲ ਰੋਟੀਆਂ ਤੇ ਮੱਛੀਆਂ ਦਾ ਮੀਂਹ ਵਰਸਾ ਦਿਤਾ ਜਾਂਦਾ।

ਦੇਵਤਾ ਤੇ ਉਹਦਾ ਮਿੱਤਰ ਕਿੰਨਾਂ ਚਿਰ ਇਹ ਨਜ਼ਾਰਾ ਵੇਖਦੇ ਰਹੇ। ਉਹ ਹੈਰਾਨ ਸਨ, ਤੇ ਅਜੀਬ ਤਰ੍ਹਾਂ ਦਾ ਹਾਸਾ ਹਸ ਰਹੇ ਸਨ। ਅੰਤ ਉਸਦੇ ਮਿੱਤ੍ਰ ਨੇ ਕਿਹਾ "ਅਜੀਬ ਜਾਨਵਰ ਨੇ ?"

"ਅਤਿ ਅਜੀਬ" ਦੇਵਤੇ ਨੇ ਉੱਤਰ ਦਿੱਤਾ।

ਘੜੀ ਨੇ ਚਾਰ ਖੜਕਾਏ। ਇਹ ਸੁਣ ਦੇਵਤਾ ਤੇ ਉਸਦਾ ਮਿੱਤ ਸੈਰ ਅਧਵਾਟੇ ਹੀ ਛੱਡ ਆਕਾਸ਼ ਵੱਲ ਉਡ ਗਏ। ■

(ਨਵੇਂ ਸਾਹਿਤ 'ਚੋਂ ਧੰਨਵਾਦ ਸਹਿਤ)

ਹਿੰਦੋਸਤਾਨੀ ਕਮਿਊਨਿਟੀ ਦਾ ਹਫ਼ਤਾਵਾਰੀ
ਅਖ਼ਬਾਰ
ਲੋਕ
ਆਵਾਜ਼
ਪੜ੍ਹੋ।
P.O. BOX 67617,
STATION 'O'
VANCOUVER
B.C.
READ
LOK AWAZ
WEEKLY

IMPORTERS EXPORTERS WHOLESALERS RETAILERS
ROKKO SAREES & FABRICS
635-BLOOR STREET WEST. TORONTO. ONTARIO. CANADA
Phone 533-1106
OWNED AND OPERATED BY B.S. KHURANA AND SONS AND GRANDSONS

# ਹਿਮਾਲੀਆ ਰੈਸਟੋਰੈਂਟ

## 2131 ਮੇਨ ਸਟਰੀਟ

## ਫੋਨ 876-9211

ਜਿਥੇ ਤੁਹਾਨੂੰ ਲੈਂਬ ਕਰੀ, ਬੀਫ ਕਰੀ,
ਪਰਾਨ ਕਰੀ, ਬੱਕਰੇ ਦਾ ਸਪੈਸ਼ਲ ਮੀਟ,
ਸਬਜੀਆਂ, ਸੋਮੋਸੇ, ਪੂਰੀ ਛੋਲੇ ਲੱਸੀ
ਦਹੀਂ, ਗੁਲਾਬ ਜਾਮਨ, ਬਰਫੀ, ਬੇਸਣ
ਤੇ ਗਜਰੇਲਾ ਹਰ ਵਕਤ ਤਿਆਰ
ਮਿਲਦਾ ਹੈ

ਮਾਲਕ
ਕਰਨੈਲ ਮੋਰਕ

ਜਿਹੜੇ ਭਾਰਤੀ ਖਾਣਿਆਂ ਦੇ ਮਾਹਰ ਹਨ

**HIMALAYA RESTAURANT**

2131 MAIN ST.
PH. 876-9211

# BLOCK BROS. REALTY LTD.

THE LARGEST REAL ESTATE COMPANY
IN B. C.
WITH OFFICES ALL OVER LOWER MAINLAND
TAKES PLEASURE IN ANNOUNCING

## DALJIT SIDHU

TOP SALESMAN IN DELTA OFFICE
IN 1973

ALSO TOP SALESMAN IN JANUARY, 1974

FOR ALL KIND OF REAL ESTATE NEEDS INCLUDING FREE APPRASIAL OF YOUR HOUSE TO KNOW THE TRUE VALUE IN TODAYS MARKET.

CONTACT YOUR OWN REALTOR

## DALJIT SIDHU



ਦਲਜੀਤ ਸਿੱਧੂ

OFFICE: 581-4601
ਦਫਤਰ:

RESIDENCE: 596-2666
596-9062

## ਸਾਜ਼ ਅਤੇ ਆਵਾਜ਼

# ਫਿਲਮੀ ਦੁਨੀਆਂ ਦੇ ਬੂਹੇ ਤੇ

ਸੁਖਬੀਰ

ਅੰਮ੍ਰਿਤਸਰ। ਹੋਟਲ ਦਾ ਕਮਰਾ। ਇਕ ਦੋਸਤ ਦਾ ਫ਼ੋਨ ਆਇਆ ਕਿ ਉਹ ਮੈਨੂੰ ਮਿਲਣ ਆ ਰਿਹਾ ਹੈ।

ਕੁਝ ਹੀ ਚਿਰ ਪਿਛੋਂ ਬੂਹੇ ਤੇ ਦਸਤਕ ਹੋਈ, ਤਾਂ ਮੈਂ ਵੇਖਿਆ, ਉਸ ਦੋਸਤ ਦੀ ਥਾਂ ਕੋਈ ਹੋਰ ਬੰਦਾ ਖੜਾ ਸੀ।

"ਮੈਂ ਬਲਰਾਜ ਸਾਹਨੀ ਨੂੰ ਮਿਲਣ ਆਇਆ ਹਾਂ," ਉਸ ਬੰਦੇ ਨੇ ਕਿਹਾ।

"ਉਹ ਉਧਰ ਦੂਜੇ ਕਮਰੇ 'ਚ ਨੇ," ਮੈਂ ਕਿਹਾ।

"ਮੈਂ ਉਥੋਂ ਹੀ ਆ ਰਿਹਾ ਹਾਂ। ਪਤਾ ਲਗਾ ਏ ਕਿ ਉਹ ਸੌਂ ਰਹੇ ਨੇ।"

"ਤਾਂ ਫੇਰ ਠਹਿਰ ਕੇ ਆ ਜਾਣਾ।"

"ਮੈਂ ਸੋਚਿਆ ਪਈ ਤੁਹਾਨੂੰ ਹੀ ਮਿਲ ਲਵਾਂ। ਉਨ੍ਹਾਂ ਨਾਲ ਪਤਾ ਨਹੀਂ ਮੇਲ ਹੋਵੇ ਕਿ ਨਾ।"

"ਦਸੋ," ਮੈਂ ਕਿਹਾ।

"ਗੱਲ ਇਹ ਵੇ ਕਿ ਮੈਂ ਫ਼ਿਲਮਾਂ 'ਚ ਕੰਮ ਕਰਨਾ ਚਾਹੁੰਦਾ ਹਾਂ।"

ਮੈਂ ਉਸ ਵਲ ਕਿਸੇ ਹੱਦ ਤਕ ਹੈਰਾਨੀ ਤੇ ਗਹੁ ਨਾਲ ਵੇਖਿਆ। ਉਸ ਦੇ ਸਿਰ ਤੇ ਖੁੱਸੀ ਹੋਈ ਪੱਗ ਸੀ, ਤੇ ਗਲ ਅੱਧੋਰਾਣੀ ਕਮੀਜ਼। ਤੇੜ ਮੈਲਾ ਪਜਾਮਾ ਤੇ ਪੈਰੀਂ ਬੇਰੰਗ, ਖ਼ਸਤਾ ਹਾਲਤ ਜੁੱਤੀ। ਉਸ ਦਾ ਚਿਹਰਾ ਵੀ ਬੇਰੰਗ ਤੇ ਖ਼ਸਤਾ ਹਾਲਤ ਜਾਪ ਰਿਹਾ ਸੀ। ਚੁੰਨ੍ਹੀਆਂ ਅੱਖਾਂ ਤੇ ਸਾਧਾਰਨ ਜਿਹੇ ਨਕਸ਼ਾਂ ਵਾਲਾ ਗਰੀਬੜਾ ਜਿਹਾ ਚਿਹਰਾ।

ਮੈਂ ਹਾਲੀ ਕੁਝ ਕਹਿਣ ਹੀ ਲਗਾ ਸੀ ਕਿ ਉਸ ਨੇ ਮੇਰੇ ਚਿਹਰੇ ਉਤਲਾ ਭਾਵ ਤਾੜ ਕੇ ਕਿਹਾ, "ਪਹਿਲਾਂ ਮੇਰੀਆਂ ਕਵਾਲੀਫ਼ਿਕੇਸ਼ਨਾਂ ਸੁਣ ਲਓ। ਵੇਖਣ ਨੂੰ ਮੈਂ ਸ਼ਾਇਦ ਆਮ ਜਿਹਾ ਬੰਦਾ ਲਗਾਂ, ਪਰ ਮੇਰੀਆਂ ਕਵਾਲੀਫ਼ਿਕੇਸ਼ਨਾਂ ਸੁਣੋਗੇ ਤਾਂ ਤੁਹਾਨੂੰ ਪਤਾ ਲਗੇਗਾ ਕਿ ਮੈਂ ਕੀ ਚੀਜ਼ ਹਾਂ।"

ਮੈਂ ਉਸ ਵਲ ਵੇਖਦਾ ਰਿਹਾ।

"ਬੈਠ ਕੇ ਦਸਦਾ ਹਾਂ," ਉਸ ਨੇ ਕਿਹਾ।

ਮੈਂ ਉਸ ਨੂੰ ਅੰਦਰ ਆਉਣ ਲਈ ਕਿਹਾ।

"ਮੈਂ ਮੈਟ੍ਰਿਕ ਪਾਸ ਹਾਂ। ਪਰ ਇਹ ਕੋਈ ਖ਼ਾਸ ਕਵਾਲੀਫ਼ਿਕੇਸ਼ਨ ਨਹੀਂ ਏ। ਮੇਰੀ ਅਸਲੀ ਕਵਾਲੀ-ਫ਼ਿਕੇਸ਼ਨ ਏ ਕਿ ਮੈਂ ਘੁਲ ਸਕਦਾ ਹਾਂ, ਕਬੱਡੀ ਖੇਡ ਸਕਦਾ ਹਾਂ, ਉੱਚੀ ਤੇ ਲੰਮੀ ਛਾਲ ਮਾਰ ਸਕਦਾ ਹਾਂ, ਲੱਤਾਂ ਉਤਾਂਹ ਚੁੱਕ ਕੇ ਦੋਹਾਂ ਹੱਥਾਂ ਭਾਰ ਤੁਰ ਸਕਦਾ ਹਾਂ। ਇਹੋ ਜਿਹੇ ਹੋਰ ਵੀ ਕਈ ਕੰਮ ਕਰ ਸਕਦਾ ਹਾਂ। ਉਂਜ ਡਰਾਇਵਰੀ ਵੀ ਆਉਂਦੀ ਏ ਮੈਨੂੰ।"

"ਪਰ ਫ਼ਿਲਮਾਂ 'ਚ ਕੀ ਕਰੋਗੇ ?" ਮੈਂ ਪੁੱਛਿਆ।

"ਇਹੋ ਸਾਰੇ ਕੰਮ। ਜਿਹੜਾ ਵੀ ਕੋਈ ਕਰਾਉਣਾ ਚਾਹੇ।"

"ਪਰ ਇਨ੍ਹਾਂ ਕੰਮਾਂ ਦੀ ਤਾਂ ਫ਼ਿਲਮਾਂ 'ਚ ਲੋੜ ਨਹੀਂ ਪੈਂਦੀ।"

"ਮੈਂ ਕੋਈ ਵੀ ਕੰਮ ਕਰ ਸਕਦਾ ਹਾਂ। ਬਸ, ਇਕ ਵਾਰ ਫ਼ਿਲਮਾਂ 'ਚ ਕੰਮ ਕਰਨ ਦਾ ਮੌਕਾ ਮਿਲ ਜਾਵੇ ਸਹੀ।"

"ਕੰਮ ਤਾਂ ਇਕ ਪਾਸੇ ਰਿਹਾ, ਫ਼ਿਲਮਾਂ 'ਚ ਦਾਖ਼ਲ ਹੋਣਾ ਵੀ ਬਹੁਤ ਔਖਾ ਏ।"

"ਤੁਹਾਡੇ ਹੁੰਦਿਆਂ ਕੀ ਔਖਾ ਏ। ਬਲਰਾਜ ਸਾਹਨੀ ਨੂੰ ਕਹਿ ਦੇਣਾ। ਬਸ ਇਕ ਵਾਰ ਦਾਖ਼ਲ ਕਰ ਦੇਣ ਫ਼ਿਲਮਾਂ 'ਚ ਫੇਰ ਮੈਂ ਨਹੀਂ ਕਿਸੇ ਦੇ ਲਏ ਦਾ।"

"ਇਹ ਕੰਮ ਉਨ੍ਹਾਂ ਲਈ ਵੀ ਔਖਾ ਏ।"

"ਔਖਾ ਕਾਹਦਾ; ਉਹ ਜੋ ਚਾਹੁਣ ਕਰ ਸਕਦੇ ਨੇ।"

"ਤਾਂ ਫੇਰ ਆਪੇ ਮਿਲ ਕੇ ਗੱਲ ਕਰ ਲੈਣੀ।"

"ਜਾਪਦੇ ਕਿ ਉਨ੍ਹਾਂ ਨਾਲ ਮੇਲ ਹੋਣਾ ਔਖਾ ਏ। ਸ਼ਾਇਦ ਸੁੱਤੇ ਹੋਏ ਨਾ ਹੋਣ ਤੇ ਮੈਨੂੰ ਐਵੇਂ ਟਾਲਣ ਲਈ ਕਹਿ ਦਿਤਾ ਗਿਆ ਹੋਵੇ ਕਿ ਸੁੱਤੇ ਹੋਏ ਨੇ।"

"ਫ਼ਿਲਮਾਂ 'ਚ ਵੀ ਏਸੇ ਤਰ੍ਹਾਂ ਹੁੰਦੇ।"

"ਅੱਛਾ!" ਉਸ ਦੇ ਚਿਹਰੇ ਤੇ ਹੈਰਾਨੀ ਆਈ, ਤੇ ਫੇਰ ਨਿਰਾਸਤਾ। "ਤਾਂ ਫੇਰ ਕੀ ਕੀਤਾ ਜਾਏ ?"

"ਏਥੇ ਕੀ ਕਰਦੇ ਹੋ ?"

"ਸਾਡੀ ਆਪਣੀ ਜ਼ਮੀਨ ਸੀ। ਸੁਹਣਾ ਗੁਜ਼ਾਰਾ ਸੀ। ਮੌਜਾਂ ਕਰਦੇ ਸਾਂ। ਫੇਰ ਭਰਾਵਾਂ 'ਚ ਲੜਾਈ ਹੋਈ, ਮੁਕੱਦਮੇ ਚਲੇ, ਤੇ ਅਸੀਂ ਤਬਾਹ ਹੋ ਗਏ। ਹੁਣ ਤਾਂ ਦੋ ਡੰਗ ਦੀ ਰੋਟੀ ਵੀ ਔਖੀ ਮਿਲਦੀ ਏ। ਸੋ, ਸੋਚਿਆ ਕਿ ਕਿਉਂ ਨਾ ਫ਼ਿਲਮਾਂ 'ਚ ਕਿਸਮਤ ਅਜ਼ਮਾਈ ਜਾਏ।"

"ਮੈਂ ਫ਼ਿਲਮਾਂ 'ਚ ਜਾਣ ਦੀ ਸਲਾਹ ਨਹੀਂ ਦਿਆਂਗਾ। ਬਲਰਾਜ ਸਾਹਨੀ ਵੀ ਸਲਾਹ ਨਹੀਂ ਦੇਣਗੇ।"

"ਕਿਉਂ ?"

"ਇਸ ਲਈ ਕਿ ਇਹ ਬੜਾ ਕੁੱਤਾ ਕੰਮ ਏ।"

"ਤਾਂ ਫੇਰ ਉਹ ਆਪ ਕਿਉਂ ਕਰ ਰਹੇ ਨੇ ?"

"ਮੇਰਾ ਮਤਲਬ ਏ, ਫ਼ਿਲਮਾਂ 'ਚ ਕੰਮ ਲਭਣਾ ਕੁੱਤਾ ਕੰਮ ਏ। ਬਲਰਾਜ ਸਾਹਨੀ ਤਾਂ ਸਿਖਰ ਤੇ ਪਹੁੰਚੇ ਹੋਏ ਨੇ।"

"ਆਪਣੀ-ਆਪਣੀ ਕਿਸਮਤ ਏ। ਕੀ ਪਤਾ, ਮੇਰੀ ਕਿਸਮਤ 'ਚ ਵੀ ਇਹੋ ਲਿਖਿਆ ਹੋਇਆ ਹੋਵੇ।"

"ਸਿਖਰ ਤੇ ਸਿਰਫ਼ ਐਕਟਰ ਪਹੁੰਚ ਸਕਦੇ ਹਨ। ਉਹ ਵੀ ਜੋ ਹੀਰੋ ਬਣ ਜਾਣ।"

"ਤਾਂ ਫੇਰ ਬੰਬਈ ਵਿਚ ਕੋਈ ਹੋਰ ਕੰਮ ਦਵਾ ਦਿਓ। ਬਲਰਾਜ ਸਾਹਨੀ ਦੇ ਘਰ ਨੌਕਰ ਲਵਾ ਦਿਓ। ਉਨ੍ਹਾਂ ਦੇ ਨਾਲ ਜਾਇਆ ਕਰਾਂਗਾ, ਤਾਂ ਇਕ ਦਿਨ ਆਪੇ ਕੰਮ ਮਿਲ ਜਾਏਗਾ।"

"ਇਹ ਸੰਭਵ ਨਹੀਂ ਏ।"

ਉਹ ਨਿਰਾਸਤਾ ਦੀ ਹਾਲਤ ਵਿਚ ਕੁਝ ਚਿਰ ਚੁੱਪ ਰਿਹਾ। ਫੇਰ ਉਸ ਨੇ ਪੁੱਛਿਆ, "ਤੁਸੀਂ ਕੀ ਕਰਦੇ ਹੋ ?"

IMPORTERS EXPORTERS WHOLESALERS RETAILERS
ROKKO SAREES & FABRICS
27- SUSSEX RD., SOUTH CROYDON. LONDON. ENGLAND
Phone 688-4590
OWNED AND OPERATED BY B.S. KHURANA AND SONS AND GRANDSONS

"ਮੈਂ ਲਿਖਾਰੀ ਹਾਂ।"

"ਕੀ ਲਿਖਦੇ ਹੋ ?"

"ਨਾਵਲ, ਕਹਾਣੀਆਂ।"

"ਫਿਲਮੀ ਕਹਾਣੀਆਂ ?"

"ਨਹੀਂ ।"

"ਤਾਂ ਫੇਰ ਮੇਰੀ ਜ਼ਿੰਦਗੀ ਦੀ ਕਹਾਣੀ ਲਿਖੋ। ਅੱਜ ਕਲ੍ਹ ਦੀਆਂ ਫਿਲਮੀ ਕਹਾਣੀਆਂ ਨਾਲੋਂ ਕਿਤੇ ਵਧੀਆ ਏ। ਬੜੀ ਸ਼ਾਨਦਾਰ ਫਿਲਮ ਬਣ ਸਕਦੀ ਏ ਉਸ ਤੇ। ਚਾਹੋ ਤਾਂ ਨਾਵਲ ਵੀ ਲਿਖ ਲੈਣਾ। ਅਸਲ ਵਿਚ, ਮੇਰੀ ਜ਼ਿੰਦਗੀ ਦੀ ਕਹਾਣੀ —"

"ਮੇਰੇ ਕੋਲ ਪਹਿਲਾਂ ਹੀ ਬੜੀਆਂ ਕਹਾਣੀਆਂ ਨੇ," ਮੈਂ ਉਸ ਦੀ ਗੱਲ ਟੁਕਦਿਆਂ ਕਿਹਾ। ਮੈਨੂੰ ਡਰ ਸੀ ਕਿ ਉਹ ਕਿਤੇ ਆਪਣੀ ਜ਼ਿੰਦਗੀ ਦਾ ਹਾਲ ਸੁਣਾਉਣਾ ਨਾ ਸ਼ੁਰੂ ਕਰ ਦਏ।

"ਪਰ ਮੇਰੀ ਜ਼ਿੰਦਗੀ ਦੀ ਕਹਾਣੀ ਅਜਿਹੀ ਏ —"

ਬੂਹੇ ਤੇ ਦਸਤਕ ਹੋਈ। ਮੇਰਾ ਦੋਸਤ ਆ ਗਿਆ।

"ਕਹੋ ਤਾਂ ਮੈਂ ਤੁਹਾਨੂੰ ਪੰਜਾਂ-ਸੱਤਾਂ ਸਫਿਆਂ 'ਚ ਕਹਾਣੀ ਲਿਖ ਕੇ ਭੇਜ ਦਿਆਂ। ਤੁਸੀਂ ਉਸ ਨੂੰ ਵਧਾ ਕੇ ਫਿਲਮਾਂ 'ਚ ਲਵਾ ਦੇਣਾ। ਤਦ ਮੈਨੂੰ ਫਿਲਮਾਂ 'ਚ ਆਪੇ ਕੰਮ ਮਿਲ ਜਾਏਗਾ।"

"ਮੇਰਾ ਫਿਲਮਾਂ ਨਾਲ ਕੋਈ ਵਾਹ ਨਹੀਂ ਏ। ਇਸ ਬਾਰੇ ਬਲਰਾਜ ਸਾਹਨੀ ਨੂੰ ਹੀ ਮਿਲੋ।"

"ਉਹ ਤਾਂ ਸੁੱਤੇ ਹੋਏ ਨੇ।"

"ਤਾਂ ਕਹਾਣੀ ਉਨ੍ਹਾਂ ਦੇ ਪਤੇ ਤੇ ਬੰਬਈ ਭੇਜ ਦੇਣੀ," ਮੈਂ ਕਿਹਾ ਤੇ ਉਸੇ ਵੇਲੇ ਉਠਿਆ। ਉਹ ਵੀ ਉਠਿਆ ਤੇ ਧੰਨਵਾਦ ਕਰ ਕੇ ਚਲਾ ਗਿਆ।

* * *

ਅੰਮ੍ਰਿਤਸਰੋਂ ਦਿੱਲੀ ਜਾਂਦਿਆਂ ਅਸੀਂ ਜਲੰਧਰ ਚਾਹ ਪੀਣ ਲਈ ਰੁਕੇ। ਇਕ ਹੋਟਲ ਵਿਚ ਜਾ ਕੇ ਬੈਠੇ। ਚਾਹ ਪੀ ਕੇ ਉਠਣ ਹੀ ਵਾਲੇ ਸਾਂ ਕਿ ਇਕ ਆਦਮੀ ਨੇ ਸਾਡੇ ਮੇਜ਼ ਕੋਲ ਆ ਕੇ ਬੈਠਦਿਆਂ ਬਲਰਾਜ ਸਾਹਨੀ ਨੂੰ ਕਿਹਾ, "ਹੁਣੇ ਹੋਟਲ ਵਲੋਂ ਫ਼ੋਨ ਗਿਆ ਸੀ ਕਿ ਤੁਸੀਂ ਆਏ ਹੋਏ ਹੋ। ਏਥੇ ਜਦ ਵੀ ਕੋਈ ਫ਼ਿਲਮੀ ਬੰਦਾ ਆਉਂਦਾ ਏ, ਹੋਟਲ ਵਾਲੇ ਮੈਨੂੰ ਫ਼ੋਨ ਤੇ ਪਤਾ ਦੇ ਦਿੰਦੇ ਨੇ। ਇਸ ਬਾਰੇ ਮੈਂ ਇਨ੍ਹਾਂ ਨੂੰ ਕਿਹਾ ਹੋਇਆ ਏ। ਬੜੇ ਚਿਰ ਤੋਂ ਤੁਹਾਨੂੰ ਮਿਲਣ ਦੀ ਖ਼ਾਹਿਸ਼ ਸੀ।"

ਉਸ ਨੇ ਸਾਧਾਰਣ ਜਿਹੀ ਕਮੀਜ਼-ਪੈਂਟ ਪਾਈ ਹੋਈ ਸੀ, ਤੇ ਕਲਰਕ ਜਾਪਦਾ ਸੀ।

"ਫ਼ਿਲਮੀ ਬੰਦਿਆਂ ਨੂੰ ਮਿਲਣ ਦਾ ਮੈਨੂੰ ਬਹੁਤ ਸ਼ੌਕ ਏ। ਬੰਬਈ ਜਾ ਕੇ ਤਾਂ ਮੈਂ ਹਮੇਸ਼ਾਂ ਲਈ ਰਹਿ ਨਹੀਂ ਸਕਦਾ। ਸੋ, ਏਥੇ ਮਿਲਣ ਦਾ ਸਿਲਸਿਲਾ ਬਣਾਇਆ ਹੋਇਆ ਏ। ਏਥੇ ਮੇਰੀ ਛੋਟੀ ਜਿਹੀ ਦੁਕਾਨ ਏ। ਰੱਬ ਦੀ ਦਇਆ ਨਾਲ ਚੰਗਾ ਗੁਜ਼ਾਰਾ ਹੋ ਜਾਂਦਾ ਏ।"

ਬਲਰਾਜ ਜੀ ਨੇ ਉਸ ਨਾਲ ਰਸਮੀ ਜਿਹੀਆਂ ਇਕ-ਦੋ ਗੱਲਾਂ ਕੀਤੀਆਂ, ਤਾਂ ਉਸ ਨੇ ਕਿਹਾ, "ਮੈਂ ਰਾਈਟਰ ਹਾਂ, ਤੇ ਮੇਰੇ ਕੋਲ ਕਈ ਕਿਸਮ ਦੀਆਂ ਵਧੀਆ ਫ਼ਿਲਮੀ ਕਹਾਣੀਆਂ ਨੇ। ਮੈਂ ਚਾਹੁੰਦਾ ਹਾਂ ਕਿ ਉਨ੍ਹਾਂ ਤੇ ਫ਼ਿਲਮਾਂ ਬਣਨ। ਇਹੋ ਜਿਹੀਆਂ ਲਾਜਵਾਬ ਕਹਾਣੀਆਂ ਨੇ ਕਿ ਉਨ੍ਹਾਂ ਤੇ 'ਹਿੱਟ' ਫ਼ਿਲਮਾਂ ਬਣ ਸਕਦੀਆਂ ਨੇ।"

"ਮੈਂ ਤਾਂ ਐਕਟਰ ਹਾਂ। ਤੁਸੀਂ ਕਿਸੇ ਪ੍ਰੋਡਿਊਸਰ ਨੂੰ ਕਹਾਣੀਆਂ ਸੁਣਾਓ। ਉਹੋ ਫ਼ਿਲਮਾਂ ਬਣਾ ਸਕਦਾ ਏ।"

"ਸੁਣਾਉਣ ਦੀ ਬੜੀ ਕੋਸ਼ਿਸ਼ ਕੀਤੀ ਏ, ਪਰ ਕੋਈ ਸੁਣਦਾ ਈ ਨਹੀਂ। ਏਥੋਂ ਕਈ ਫ਼ਿਲਮੀ ਬੰਦਿਆਂ ਨੂੰ ਮਿਲ ਚੁੱਕਾ ਹਾਂ, ਪਰ ਕੋਈ ਵੀ ਕਹਾਣੀ ਸੁਣਨ ਲਈ ਤਿਆਰ ਨਹੀਂ ਹੋਇਆ। ਦਸੋ ਮੈਂ ਕੀ ਕਰਾਂ ? ਫ਼ਿਲਮਾਂ 'ਚ ਕਹਾਣੀਆਂ ਕਿਸ ਤਰ੍ਹਾਂ ਵੇਚਾਂ ?"

ਬਲਰਾਜ ਜੀ ਨੇ ਮੇਰੀ ਵਲ ਸੈਣਤ ਕਰਦਿਆਂ ਕਿਹਾ, "ਇਹ ਸੁਖਬੀਰ ਨੇ — ਲੇਖਕ। ਇਸ ਬਾਰੇ ਇਹ ਤੁਹਾਨੂੰ ਕੋਈ ਚੰਗੀ ਸਲਾਹ ਦੇ ਸਕਦੇ ਨੇ।"

ਉਸ ਨੇ ਮੇਰੀ ਵਲ ਕੋਈ ਧਿਆਨ ਨਹੀਂ ਦਿਤਾ ਤੇ ਬਲਰਾਜ ਜੀ ਨੂੰ ਸੰਬੋਧਤ ਕਰਦਿਆਂ ਕਹਿਣ ਲਗਾ, "ਮੇਰੇ ਕੋਲ ਹਰ ਕਿਸਮ ਦੀਆਂ ਕਹਾਣੀਆਂ ਨੇ। ਇਕ ਤੋਂ ਵਧ ਇਕ ਲਾਜਵਾਬ। ਇਹੋ ਜਿਹੀਆਂ ਕਹਾਣੀਆਂ ਅੱਜ ਤਕ ਕਿਸੇ ਨੇ ਨਹੀਂ ਲਿਖੀਆਂ ਹੋਣੀਆਂ। ਪਰ ਕੋਈ ਸੁਣਦਾ ਹੀ ਨਹੀਂ। ਕੋਈ ਰਾਹ ਦਸੋ।"

"ਇਸ ਤਰ੍ਹਾਂ ਕਰੋ ਕਿ ਪਹਿਲਾਂ ਪਰਚਿਆਂ ਵਿਚ ਛਪ ਕੇ ਲੇਖਕ ਦੇ ਤੌਰ ਤੇ ਆਪਣਾ ਨਾਂ ਪੈਦਾ ਕਰੋ। ਤਦ ਉਸ ਨਾਂ ਦੇ ਸਿਰ ਤੇ ਪ੍ਰੋਡਿਊਸਰਾਂ ਨੂੰ ਮਿਲਣਾ ਏਨਾਂ ਔਖਾ ਨਹੀਂ ਹੋਵੇਗਾ।"

"ਪਰਚਿਆਂ ਵਾਲੇ ਕੋਈ ਪਰਵਾਹ ਨਹੀਂ ਕਰਦੇ।"

"ਇਹ ਗੱਲ ਤਾਂ ਨਹੀਂ," ਮੈਂ ਕਿਹਾ। "ਚੰਗੀ ਕਹਾਣੀ ਹਰ ਪਰਚਾ ਛਾਪਣ ਨੂੰ ਤਿਆਰ ਏ। ਤੇ ਉਸ ਦੇ ਚੰਗੇ ਪੈਸੇ ਵੀ ਦਿੰਦਾ ਏ।"

"ਮੈਨੂੰ ਪੈਸਿਆਂ ਦੀ ਪਰਵਾਹ ਨਹੀਂ ਏ," ਉਸ ਨੇ ਮੇਰੀ ਵਲ ਇਕ ਨਜ਼ਰ ਵੇਖ ਕੇ ਕਿਹਾ। "ਰੱਬ ਦੀ ਦਇਆ ਨਾਲ ਸੁਹਣਾ ਗੁਜ਼ਾਰਾ ਚੱਲ ਰਿਹਾ ਏ। ਨਾਂ ਦੀ ਵੀ ਪਰਵਾਹ ਨਹੀਂ ਏ।"

"ਤਾਂ ਫੇਰ ਫ਼ਿਲਮਾਂ 'ਚ ਕਹਾਣੀ ਕਿਉਂ ਦੇਣੀ ਚਾਹੁੰਦੇ ਹੋ ? ਚੰਗਾ ਲੇਖਕ ਤਾਂ ਸਗੋਂ ਫ਼ਿਲਮਾਂ ਤੋਂ ਦੂਰ ਰਹਿਣਾ ਚਾਹੁੰਦਾ ਏ।"

ਉਸ ਨੇ ਮੇਰੀ ਗੱਲ ਦੀ ਪਰਵਾਹ ਨਾ ਕਰਦਿਆਂ ਬਲਰਾਜ ਜੀ ਨੂੰ ਕਿਹਾ, "ਮੈਂ ਇਕ ਕਹਾਣੀ ਮਾਂਗ ਤੇ ਲਿਖੀ ਏ। ਮਾਂਗ, ਜੋ ਤੀਵੀਂ ਆਪਣੇ ਸਿਰ ਵਿਚ ਪਾਉਂਦੀ ਏ। ਕੀ ਤੁਹਾਨੂੰ ਪਤੈ ਕਿ ਮਾਂਗ ਪਿਛੇ ਕਿੱਡੀ ਵੱਡੀ ਫ਼ਿਲਾਸਫ਼ੀ ਏ ? ਮੈਂ ਉਹ ਫ਼ਿਲਾਸਫ਼ੀ ਕਹਾਣੀ ਵਿਚ ਦੱਸੀ ਏ। ਲੋਕ ਸੁਣਨਗੇ ਤਾਂ ਦੰਗ ਰਹਿ ਜਾਣਗੇ, ਤੇ ਉਨ੍ਹਾਂ ਨੂੰ ਪਤਾ ਲਗੇਗਾ ਕਿ ਮਾਂਗ ਕਿੱਡੀ ਵੱਡੀ ਚੀਜ਼ ਏ। ਕਿਤੇ ਵਹੀਦਾ ਰਹਿਮਾਨ ਉਸ ਵਿਚ ਹੀਰੋਇਨ ਦਾ ਰੋਲ ਕਰੇ, ਤਾਂ ਆਸਮਾਨ ਨੂੰ ਪਹੁੰਚ ਜਾਵੇ। ਮੈਂ ਕੋਸ਼ਿਸ਼ ਕੀਤੀ ਸੀ ਉਸ ਨੂੰ ਇਹ ਕਹਾਣੀ ਸੁਣਾਉਣ ਦੀ। ਪਰ ਉਸ ਤਕ ਪਹੁੰਚ ਹੀ ਨਹੀਂ ਸਕਿਆ। ਉਂਜ, ਉਹ ਰੋਲ ਕੋਈ ਵੀ ਐਕਟ੍ਰੈਸ ਕਰੇ ਤਾਂ ਉਹ ਵਹੀਦਾ ਰਹਿਮਾਨ ਬਣ ਸਕਦੀ ਏ। ਇਸ ਕਹਾਣੀ ਰਾਹੀਂ ਤਾਂ ਮੈਂ ਕਿਸੇ ਵੀ ਨਵੀਂ ਐਕਟ੍ਰੈਸ ਨੂੰ ਵਹੀਦਾ ਰਹਿਮਾਨ ਬਣਾ ਸਕਦਾ ਹਾਂ। ਵਹੀਦਾ ਰਹਿਮਾਨ ਕੀ ਚੀਜ਼ ਏ !......ਤੇ ਮੇਰੀ ਇਕ ਜਾਸੂਸੀ ਕਹਾਣੀ ਏ, ਜਿਸ ਵਿਚ ਅਜਿਹਾ ਸਸਪੈਂਸ ਏ ਕਿ ਆਦਮੀ ਸਾਹ ਰੋਕੀ ਸੁਣਦਾ ਰਹਿ ਜਾਏ।......ਤੇ ਇਕ ਹੋਰ ਕਹਾਣੀ ਏ, ਜਿਸ ਵਿਚ......"

ਉਹ ਬੋਲਦਾ ਰਿਹਾ ਤੇ ਇਕ-ਇਕ ਕਰ ਕੇ ਕਈ ਕਹਾਣੀਆਂ ਬਾਰੇ ਦਸਦਾ ਰਿਹਾ। ਬਲਰਾਜ ਜੀ ਜਿਵੇਂ ਫਸੇ ਹੋਏ ਬੈਠੇ ਸਨ। ਉਹ ਸੁਣਦੇ ਹੋਏ ਵੀ ਨਹੀਂ ਸੀ ਸੁਣ ਰਹੇ, ਉਸ ਵਲ ਵੇਖਦੇ ਹੋਏ ਵੀ ਨਹੀਂ ਸੀ ਵੇਖ ਰਹੇ। ਨਾ ਉਸ ਦੀ ਗੱਲ ਟੁੱਕ ਰਹੇ ਸਨ, ਨਾ ਜਾਣ ਦੀ ਕਾਹਲ ਪ੍ਰਗਟ ਕਰ ਰਹੇ ਸਨ। ਤੇ ਉਹ ਬੰਦਾ ਬੋਲੀ ਜਾ ਰਿਹਾ ਸੀ। ਅਖ਼ੀਰ ਵਿਚ ਉਸ ਨੇ ਫੇਰ ਸ਼ਿਕਾਇਤ ਕੀਤੀ ਕਿ ਕੋਈ ਵੀ ਫ਼ਿਲਮੀ

MOVIES FOREIGN EXCHANGE CONCERT
SIHOTA DISTRIBUTORS
MANAGER KARTAR SINGH AHLUWALIA
3483 KINGSWAY, VANCOUVER, B.C., CANADA. V5R 5L5.
PHONE: 438-1304 324-2557

ਬੰਦਾ ਉਸ ਦੀ ਕਹਾਣੀ ਸੁਣਦਾ ਨਹੀਂ ਹੈ। ਤੇ ਉਸ ਨੇ ਪੁੱਛਿਆ, "ਤੁਸੀਂ ਹੀ ਕੋਈ ਰਾਹ ਦਸੋ।"

"ਰਾਹ ਤਾਂ ਇਨ੍ਹਾਂ ਨੇ ਸ਼ੁਰੂ ਵਿਚ ਹੀ ਦਸ ਦਿਤਾ ਸੀ," ਮੈਂ ਕਿਹਾ, "ਕਿ ਪਹਿਲਾਂ ਲੇਖਕ ਦੇ ਤੌਰ ਤੇ ਆਪਣਾ ਨਾਂ ਪੈਦਾ ਕਰੋ।"

"ਕਹਾਣੀ ਤੇ ਫਿਲਮ ਬਣੇਗੀ ਤਾਂ ਆਪੇ ਨਾਂ ਹੋਵੇਗਾ ਮੇਰਾ।"

"ਤਾਂ ਫੇਰ ਕਹਾਣੀ ਵੇਚੋ।"

"ਕੋਈ ਸੁਣੇ ਤਾਂ ਨਾ।"

"ਬੰਬਈ ਜਾ ਕੇ ਪ੍ਰੋਡਿਊਸਰਾਂ ਨੂੰ ਮਿਲੋ।"

"ਕੋਈ ਮਿਲਣ ਲਈ ਮੌਕਾ ਹੀ ਨਹੀਂ ਦਿੰਦਾ। ਟੱਕਰਾਂ ਮਾਰ ਆਇਆ ਹਾਂ ਜਾ ਕੇ। ਸੋ ਹੁਣ ਇਹੋ ਤਰੀਕਾ ਸੁੱਝਿਆ ਏ ਕਿ ਆਪਣੀ ਦੁਕਾਨ ਤੇ ਬੈਠਾ, ਏਥੇ ਆਏ ਫਿਲਮੀ ਬੰਦਿਆਂ ਨੂੰ ਮਿਲਾਂ ਤੇ ਕਹਾਣੀਆਂ ਸੁਣਾਵਾਂ। ਪਰ ਏਥੇ ਵੀ ਕੋਈ ਨਹੀਂ ਸੁਣਦਾ। ਆਖ਼ਰ ਕੀ ਕਰਾਂ?"

ਇਹ ਸਵਾਲ ਉਸ ਨੇ ਬਲਰਾਜ ਜੀ ਨੂੰ ਪੁੱਛਿਆ ਸੀ। ਬਲਰਾਜ ਜੀ, ਜਵਾਬ ਦੇਣ ਦੀ ਥਾਂ, ਪਹਿਲਾਂ ਵਾਂਗ ਚੁੱਪ ਕੀਤੇ ਬੈਠੇ ਰਹੇ:

ਤਦੋ ਮੈਂ ਕਿਹਾ, "ਚਲੀਏ ਹੁਣ?"

"ਚਲੋ," ਬਲਰਾਜ ਜੀ ਨੇ ਝੱਟ ਉਠਦਿਆਂ ਕਿਹਾ।

ਉਹ ਬੰਦਾ ਵੀ ਉਠਿਆ ਤੇ ਸਾਡੇ ਨਾਲ ਹੋਟਲ 'ਚੋਂ ਬਾਹਰ ਨਿਕਲ ਆਇਆ। ■



# ਮਹਿੰਦਰ ਕਪੂਰ ਸ਼ੋਅ

ਭਾਰਤੀ ਫਿਲਮੀ ਦੁਨੀਆਂ ਦੇ ਪਦਮਸ਼੍ਰੀ ਗਾਇਕ ਮਹਿੰਦਰ ਕਪੂਰ ਅਤੇ ਪਾਰਟੀ; ਗਾਇਕਾ ਹੇਮ ਲਤਾ ਬਾਲੀ, ਕਾਮੇਡੀਅਨ ਗੋਲਡੀ, ਅਤੇ ਸਾਜ਼ਿੰਦੇ - ਗਟਾਰਿਸਟ ਅਜੀਤ, ਪਿਆਨੋ ਅਕਾਰਡੀਅਨ ਪਲੇਅਰ ਨਾਰੀ ਸ਼ਰਮਾ, ਡਰੱਮਰ ਪਰਸੀ ਜੋਨਜ਼ ਨੇ 14 ਅਪਰੈਲ ਦੀ ਸ਼ਾਮ ਨੂੰ ਕੁਈਨ ਐਲਿਜ਼ਬੈਥ ਥੀਏਟਰ ਦੀ ਸਟੇਜ ਤੇ ਆਪਣਾ ਪ੍ਰੋਗਰਾਮ ਪੇਸ਼ ਕੀਤਾ ਜਿਸਨੂੰ 2600 ਤੋਂ ਵਧ ਦਰਸ਼ਕਾਂ ਨੇ ਮਾਣਿਆ।

ਸ਼ੋਅ ਦਾ 15 ਮਿੰਟ ਪਛੜਕੇ ਸ਼ੁਰੂ ਹੋਣਾ ਭਾਰਤੀਆਂ ਲਈ ਬੜੀ ਸੁਭਾਵਕ ਗਲ ਹੈ। ਮਹਿੰਦਰ ਕਪੂਰ ਨੇ ਹਿੰਦੀ, ਪੰਜਾਬੀ, ਤੇ ਅੰਗਰੇਜ਼ੀ (ਇਕ ਗਾਣਾ) ਅਤੇ ਹੇਮ ਲਤਾ ਬਾਲੀ ਨੇ ਸਿਰਫ ਹਿੰਦੀ ਦੇ ਗੀਤਾਂ ਤੇ ਗ਼ਜ਼ਲਾਂ ਨੂੰ ਆਪਣੀ ਦਿਲਕਸ਼ ਆਵਾਜ਼ ਦੀ ਰੰਗਣ ਦਿੱਤੀ। ਸਰੋਤਿਆਂ ਦੀ ਮੰਗ ਕਾਰਨ ਦੋਹਾਂ ਗਾਇਕਾਂ ਨੇ ਜ਼ਿਆਦਾ ਫਿਲਮਾਏ ਹੋਏ ਗ਼ਜ਼ਲਾਂ ਤੇ ਗੀਤ ਗਾਏ। ਪਰ, 'ਕਲਾਕਾਰ ਤੇ ਦਰਸ਼ਕ' ਦੇ ਸੰਬੰਧ ਨੂੰ ਹਰ ਸਮੇਂ ਮੁੱਖ ਰੱਖਿਆ। ਮਹਿੰਦਰ ਕਪੂਰ ਦੇ ਗਾਏ 'ਚਲੋ ਇਕ ਵਾਰ ਫਿਰ ਸੇ ਅਜਨਬੀ···' (ਫਿਲਮ ਗੁਮਰਾਹ) ਅਤੇ 'ਅਗਰ ਤੁਮ ਸਾਥ ਦੇਨੇ ਕਾ ਵਾਅਦਾ ਕਰੋ···' (ਫਿਲਮ ਹਮਰਾਜ਼) ਗੀਤਾਂ ਅਤੇ ਹੇਮ ਲਤਾ ਦੇ ਗਾਏ 'ਸਜਿਗੀ ਬਾਬੂ, ਦਿਲ ਲਗਿਗੀ ਬਾਬੂ·····' (ਫਿਲਮ ਲੋਫਰ), ਅਤੇ 'ਇਕ ਪਿਆਰ ਕਾ ਨਗਮਾ ਹੈ···' (ਫਿਲਮ ਸ਼ੋਰ) ਦੀ ਕਾਫੀ ਪਰਸ਼ੰਸਾ ਕੀਤੀ ਗਈ।

ਮਿਸ ਪਰਮੋਧਨੀ ਦੇ ਨਾਚ ਉਸਦੇ ਉੱਜਲੇ ਭਵਿੱਖ ਦੀ ਹਾਮੀ ਭਰਦੇ ਸਨ। ਕਾਮੇਡੀਅਨ ਗੋਲਡੀ ਆਪਣੀ ਅਦਾਇਗੀ ਦੇ ਥੋੜ੍ਹੇ ਸਮੇਂ ਵਿਚ ਵੀ ਇਕ ਸੁਲਝਿਆ ਕਲਾਕਾਰ ਹੋਣ ਦਾ ਅਹਿਸਾਸ ਕਰਾਣ ਵਿਚ ਸਫਲ ਰਿਹਾ।

ਸਭ ਸਾਜ਼ਿੰਦੇ ਆਪੋ ਆਪਣੀ ਥਾਂ ਤੇ ਪ੍ਰਭਾਵਸ਼ਾਲੀ ਰਹੇ। ਠਾਕਰ ਸਿੰਘ (ਸੈਕਸਾਫੋਨ ਤੇ ਫਿਲਮ ਬੌਬੀ ਦੇ ਗੀਤ 'ਨਾ ਮਾਂਗੂ ਸੋਨਾ ਚਾਂਦੀ···' ਦੀ ਦਿਲ-ਖਿਚਵੀਂ ਧੁਨ ਵਜਾਉਣ ਕਾਰਨ) ਅਤੇ ਸ਼ਿਆਮ ਸ਼ਰਮਾ (ਇਕ ਸਮੇਂ ਪੰਜ ਢੋਲਕਾਂ ਤੇ ਕਮਾਲ ਵਿਖਾਉਣ ਕਾਰਨ) ਵਧਾਈ ਦੇ ਪਾਤਰ ਹਨ।

ਇਹ ਕਹਿਣ ਵਿਚ ਕੋਈ ਅਤਿ-ਕਥਨੀ ਨਹੀਂ ਜਾਪਦੀ ਕਿ ਪ੍ਰੋਗਰਾਮ ਹਰ ਪੱਖ ਤੋਂ ਕਾਮਯਾਬ ਰਿਹਾ। ■

# ਕੁਈਨ ਐਲਿਜ਼ਬੈਥ ਪਲੇ ਹਾਊਸ ਵਿਚ ਵੀਣਾ ਦੀ ਮਹਿਕ

21 ਅਪਰੈਲ 1974 ਦੀ ਸ਼ਾਮ ਨੂੰ ਵੀਣਾ ਦੇ ਸੰਸਾਰ ਪ੍ਰਸਿਧ ਸਾਜ਼ਿੰਦੇ ਸ੍ਰੀ ਚਿਟੀ ਬਾਬੂ ਅਤੇ ਉਸਦੇ ਜੋਟੀਦਾਰ: ਮਰਦੰਗਮ ਪਲੇਅਰ ਸ੍ਰੀ ਦੋਰਾਏ, ਘਟਮ ਪਲੇਅਰ ਸ੍ਰੀ ਸੁੰਦਰਮ ਅਤੇ ਤੰਬੂਰਾ ਪਲੇਅਰ ਨੇ ਕੁਈਨ ਐਲਿਜ਼ਬੈਥ ਪਲੇ ਹਾਊਸ ਨੂੰ ਆਪਣੀਆਂ ਸੰਗੀਤ ਸੁਰਾਂ ਨਾਲ ਮਹਿਕਾਇਆ।

ਵੀਣਾ, ਜਿਸ ਨਾਲ ਮੀਰਾ ਬਾਈ ਨੇ ਮੁਰਦਾ ਦਿਲਾਂ ਵਿਚ ਰੂਹ ਭਰੀ, ਸਿਤਾਰ ਨਾਲ ਕਾਫੀ ਮਿਲਦਾ ਜੁਲਦਾ ਸਾਜ਼ ਹੈ, ਖਾਸ ਭਿੰਨਤਾ ਇਹ ਹੀ ਹੈ ਕਿ ਇਸਦੀਆਂ ਤਿੰਨੇ ਤਾਰਾਂ ਇਕੋ ਸਮੇਂ ਸੰਗੀਤਬਧ ਕੀਤੀਆਂ ਜਾ ਸਕਦੀਆਂ ਹਨ। ਤੰਬੂਰਾ ਚਾਰ ਤਾਰਾਂ ਵਾਲਾ ਕਾਫੀ ਲੰਬਾ ਸਾਜ਼ ਹੈ ਜੋ ਸੰਗੀਤ ਵਿਚ ਇਕਸਾਰਤਾ ਤੇ ਗਹਿਰਾਈ ਭਰਨ ਲਈ ਵਰਤਿਆ ਜਾਂਦਾ ਹੈ। ਮਰਦੰਗਮ (ਜੋ ਢੋਲਕੀ ਤੇ ਤਬਲੇ ਦਾ ਮੇਲ ਹੈ) ਅਤੇ ਘਟਮ (ਕੱਚਾ ਘੜਾ) ਜਿਸ 'ਚੋਂ ਹਥੇਲੀਆਂ ਅਤੇ ਉਂਗਲਾਂ ਦੇ ਪੋਟਿਆਂ ਨਾਲ ਮਿੱਠਾ 2 ਸੰਗੀਤ ਪੈਦਾ ਹੁੰਦਾ ਹੈ, ਦਾ ਦੱਖਣੀ ਭਾਰਤ ਦੇ ਸੰਗੀਤ ਨਾਲ ਬਹੁਤ ਪੱਕਾ ਰਿਸ਼ਤਾ ਹੈ।

ਪ੍ਰੋਗਰਾਮ ਬੜੇ ਹੀ ਕਲਾਤਮਕ ਢੰਗ ਨਾਲ ਪੇਸ਼ ਕੀਤਾ ਗਿਆ। ਆਮ ਭਾਰਤੀ ਮਰਯਾਦਾ ਵਾਂਗ ਸ਼ੁਰੂ ਵਿਚ ਸ੍ਰੀ ਚਿਟੀ ਬਾਬੂ ਨੇ ਭਜਨ ਧੁਨ ਵਜਾਈ। ਹਰ ਧੁਨ ਤੋਂ ਪਹਿਲਾਂ ਚਿਟੀ ਬਾਬੂ ਨੇ ਰਾਗ ਕੰਪੋਜ਼ਰ ਤੇ ਡਿਰੈਕਟਰ ਆਦਿ ਬਾਰੇ ਪੂਰੀ ਜਾਣਕਾਰੀ ਦਿਤੀ ਜੋ ਸੰਗੀਤ ਨੂੰ ਸਮਝਣ ਵਿਚ ਕਾਫੀ ਸਹਾਇਕ ਸੀ। ਵੀਣਾ ਬਾਰੇ ਆਪਣੇ ਵਿਚਾਰ ਦਿੰਦਿਆਂ ਉਹਨਾਂ ਦਸਿਆ ਕਿ ਇਸ ਵਿਚ ਵੇਦਾਂ ਜਿੰਨੀ ਪੁਰਾਤਨਤਾ ਅਤੇ ਔਣ ਵਾਲੇ ਕੱਲ੍ਹ ਜਿੰਨੀ ਨਵੀਨਤਾ ਹੈ। ਵੇਦਾਂ ਦੇ ਭਜਨ ਤੋਂ ਸ਼ੁਰੂ ਕਰਕੇ ਆਂਧਰਾ ਦੇ ਲੋਕ-ਗੀਤਾਂ ਤਕ ਨੂੰ ਆਪਣੀਆਂ ਜਾਦੂ ਭਰੀਆਂ ਧੁਨਾਂ ਵਿਚ ਗੁੰਦ ਕੇ ਇਸ ਵਿਚਾਰ ਦਾ ਪ੍ਰਸ਼ਟੀਕਰਨ ਕੀਤਾ।

ਚਿਟੀ ਬਾਬੂ ਦੀਆਂ ਰਾਗ ਭੈਰਵੀ, ਮੀਰਾ ਭਜਨ, ਤੇ ਆਂਧਰਾ ਲੋਕ-ਗੀਤ (ਕੋਇਲ ਕੂ) ਧੁਨਾਂ ਹਰ ਦਰਸ਼ਕ ਵਲੋਂ ਸਲਾਹੀਆਂ ਗਈਆਂ। ਪ੍ਰੋਗਰਾਮ ਦੇ ਅੰਤ ਤੇ ਦਰਸ਼ਕ ਸਰੋਤਿਆਂ ਨੇ ਖੜੇ ਹੋਕੇ ਕਲਾਕਾਰਾਂ ਦੀ ਸੰਗੀਤ-ਨਿਪੁੰਨਤਾ ਨੂੰ ਸਨਮਾਨਿਆਂ। ਐਡੇ ਮਹਾਨ ਕਲਾਕਾਰ ਦੇ ਸ਼ੋਅ ਤੇ ਦਰਸ਼ਕਾਂ ਦੀ ਘੱਟ ਗਿਣਤੀ ਲਈ ਪਬਲੀਸਿਟੀ ਨੂੰ ਹੀ ਜ਼ਿੰਮੇਂਵਾਰ ਠਹਿਰਾਇਆ ਜਾ ਸਕਦਾ ਹੈ।

MOVIES FOREIGN EXCHANGE CONCERT
**SIHOTA DISTRIBUTORS**
MANAGER KARTAR SINGH AHLUWALIA
3483 KINGSWAY, VANCOUVER, B.C., CANADA. V5R 5L5-
PHONE: 438-1304 324-2557

## ਜ਼ਿੰਦਗੀ 'ਚ ਇਕ ਸੁਨਹਿਰੀ ਮੌਕਾ

ਅਸੀਂ ਪੇਸ਼ ਕਰਦੇ ਹਾਂ – ਰੀਅਲ ਇਸਟੇਟ ਦੇ ਏਜੰਟ ਬਣਕੇ ਚੰਗੇ ਪੈਸੇ ਕਮਾਉ।

1. ਤਿੰਨ ਸੂਬਿਆਂ ਵਿਚ ਨਵੀਆਂ ਬਸਤੀਆਂ ਉਸਾਰਨ ਵਾਲੀ ਇਕ ਸਰਵੋਤਮ ਕੰਪਨੀ।
2. ਅੰਤਰ-ਰਾਸ਼ਟਰੀ ਫਰਮ ਜਿਸਦੇ ਅਮਰੀਕਾ ਦੇ 60 ਤੋਂ ਵੀ ਵਧ ਸ਼ਹਿਰਾਂ ਵਿਚ ਦਫਤਰ ਹਨ।
3. ਕੰਪਨੀ ਵਲੋਂ ਰੇਡੀਓ, ਟੈਲੀਵੀਜ਼ਨ, ਮੈਗਜ਼ੀਨ, ਅਖਬਾਰ ਤੇ ਸਿਧੀ ਡਾਕ ਰਾਹੀਂ ਇਸ਼ਤਿਹਾਰਬਾਜ਼ੀ ਕੀਤੀ ਜਾਂਦੀ ਹੈ।
4. ਸ਼ਹਿਰ ਵਿਚ ਸੋਹਣਾ ਦਫਤਰ।
5. ਕੰਮ ਕਰਨ ਲਈ ਸ਼ਾਨਦਾਰ ਮਾਹੌਲ।
6. ਬੇਹੱਦ ਕਮਾਈ ਤੇ ਤਰੱਕੀ ਦੀ ਸੰਭਾਵਨਾ।
7. ਅਨੇਕਾਂ ਨਿਸ਼ਚਤ ਮਿਲਣੀਆਂ।

ਅਸੀਂ ਚਾਹੁੰਦੇ ਹਾਂ –

1. ਸੌਦੇਬਾਜ਼ੀ ਕਰਨ ਵਿਚ ਤਜਰਬੇਕਾਰ ਹੋਵੇ।
2. ਮਿੱਠ-ਬੋਲੜਾ ਅਤੇ ਦੇਖਣੀ ਪਾਖਣੀ ਪ੍ਰਭਾਵਸ਼ਾਲੀ ਹੋਵੇ।
3. ਲੋਕਾਂ ਨਾਲ ਗਲ ਕਰਨ ਦਾ ਸਲੀਕਾ ਆਉਂਦਾ ਹੋਵੇ।
4. ਪੈਸੇ ਬਣਾਉਣ ਤੇ ਸੁਪਰਵਾਈਜ਼ ਕਰਨ ਦੀ ਖ਼ਾਹਿਸ਼ ਰਖਦਾ ਹੋਵੇ।
5. ਲੋਕਾਂ ਨਾਲ ਮੇਲ ਮਿਲਾਪ ਰਖ ਸਕੇ।

ਜੇ ਕਰ ਤੁਸੀਂ ਉਪਰੋਕਤ ਸ਼ਰਤਾਂ ਪੂਰੀਆਂ ਨੂੰ ਕਰਦੇ ਤਾਂ ਤੁਸੀਂ ਆਪਣਾ ਅਤੇ ਸਾਡਾ ਸਮਾਂ ਖਰਾਬ ਨਾ ਕਰੋ, ਜੇ ਕਰਦੇ ਹੋ ਤਾਂ ਹੁਣੇ ਹੀ ਜਿਮੀ ਮੂਲਜੀ ਨੂੰ 437-0886 ਤੇ ਫ਼ੋਨ ਕਰੋ।

**BECOME A HIGHLY PAID REAL ESTATE PRO**

**FOR THE FIRST TIME IN YOUR LIFE AN OPPORTUNITY THAT JUST WON'T QUIT!**

— WE OFFER YOU —

1. Leading land developer and builder of new communities in 3 states.
2. International firm—over 60 district offices in U.S.
3. Advertising—radio, TV, magazines, newspapers, and direct mail.
4. Beautiful offices in (city).
5. Excellent working conditions.
6. Exceptional earnings with management possibilities.
7. Abundance of set qualified appointments.

— WE EXPECT YOU —

1. To be totally experienced in closing.
2. Have good speaking voice and appearnace.
3. Be sophisticated in the area of developing rapport with people.
4. Have a tremendous desire to make money and to ultimately supervise.
5. Be able to work well with people.

— FINALLY —

Please don't waste your time or ours if you do not qualify, but if you do, call immediately.

JIMMY MOOLJI

Phone: 437-0886

Equal Opportunity Employer



THE WATNO DUR IN TORONTO AVAILABLE AT

ROKKO SAREES AND FABRICS

635 BLOOR ST. WEST,

TORONTO,

PHONE:- 533-1106


## ਵਿਸਾਖੀ ਦਾ ਮੇਲਾ

13 ਅਪਰੈਲ 1974 ਦਿਨ ਸ਼ਨਿਚਰਵਾਰ ਨੂੰ ਵਿਸਾਖੀ ਦੇ ਸ਼ੁਭ ਅਵਸਰ ਤੇ ਰੋਕੋ ਸਾੜੀਜ਼ ਐਂਡ ਫੈਬਰਿਕਸ ਵਲੋਂ ਉਹਨਾਂ ਦੀ ਦੁਕਾਨ (6201 ਫਰੇਜ਼ਰ ਸਟਰੀਟ) ਤੇ ਵਿਸਾਖੀ ਦਾ ਮੇਲਾ ਨਾਉਂ ਹੇਠ ਇਕ ਪ੍ਰੋਗਰਾਮ ਪਹਿਲੀ ਵਾਰ ਮਨਾਇਆ ਗਿਆ ਜਿਸ ਵਿਚ 3000 ਤੋਂ ਵਧ ਲੋਕਾਂ ਨੇ ਭਾਗ ਲਿਆ। ਇਸ ਮੌਕੇ ਤੇ ਰੇਡੀਓ CJVB 1470 ਨੇ ਆਪਣਾ ਸਾਰਾ ਪ੍ਰੋਗਰਾਮ 12 ਵਜੇ ਦੁਪਹਿਰ ਤੋਂ ਲੈਕੇ 10 ਵਜੇ ਰਾਤ ਤੱਕ ਰੋਕੋ ਸਾੜੀਜ਼ ਐਂਡ ਫੈਬਰਿਕਸ ਦੀ ਦੁਕਾਨ ਤੋਂ ਪੇਸ਼ ਕੀਤਾ। ਘੰਟੇ 2 ਬਾਅਦ ਲਕੀ ਡਰਾ ਕੱਢੇ ਗਏ ਤੇ ਇਨਾਮ ਜਿਤਣ ਵਾਲਿਆਂ ਦਾ ਰੇਡੀਓ ਤੇ ਇੰਟਰਵਿਊ ਵੀ ਲਿਆ ਗਿਆ। ਖਾਣ ਪੀਣ ਦਾ ਕਾਫ਼ੀ ਅੱਛਾ ਪਰਬੰਧ ਸੀ। ਮਾਹੌਲ ਬਿਲਕੁਲ ਪੰਜਾਬ ਦੇ ਕਿਸੇ ਸ਼ਹਿਰ ਦੇ ਬਜ਼ਾਰ ਵਾਂਗ ਲਗਦਾ ਸੀ।

ਪਹਿਲਾ ਪ੍ਰੋਗਰਾਮ ਹੋਣ ਕਾਰਨ ਕੁਝ ਕਠਿਆਈਆਂ ਸਨ, ਜਿਵੇਂ ਕਿ ਖਾਣ ਪੀਣ ਦਾ ਸਟਾਲ ਅੰਦਰ ਦੀ ਜਗ੍ਹਾ ਬਾਹਰ ਹੋਣਾ ਚਾਹੀਦਾ ਸੀ, ਇਕ ਦੀ ਥਾਂ ਦੋ ਜਾਂ ਤਿੰਨ ਕੈਸ਼ ਰਜਿਸਟਰ ਹੋਣੇ ਚਾਹੀਦੇ ਸਨ। ਸੈਂਟਰ ਦੇ ਮੁਤਾਬਕ ਜਗ੍ਹਾ ਬੜੀ ਘਟ ਸੀ। ■


IMPORTERS EXPORTERS WHOLESALERS RETAILERS

**ROKKO SAREES & FABRICS**

S-39, GREEN PARK, NEW DELHI-16, INDIA. PHONE: 77790


OWNED AND OPERATED BY B. S. KHURANA AND SONS AND GRANDSONS

LITERARY & CULTURAL MONTHLY OF PANJABI
**THE WATNO DUR**
Post Box No. 1041 Coquitlam, B.C., Canada

ਕੈਨੇਡਾ ਵਿੱਚ ਪੰਜਾਬੀ ਦਾ ਸਾਹਿਤਕ-ਸੱਭਿਆਚਾਰਕ ਮਾਸਕ ਪੱਤਰ: ਵਤਨੋਂ ਦੂਰ

May 1974 No. 11

SECOND CLASS MAIL
REGISTRATION NUMBER: 3233




## ADVANCE TICKETS FOR CENTENNIAL & METRO THEATRES

**SHOW TIMES AT CENTENNIAL THEATRE**

SUN. MAY 19 — 1:00 P.M., 4:30 P.M. & 8:00 P.M.

MON. MAY 20 — 1:00 P.M., 4:30 P.M. & 8:00 P.M.

**SHOW TIMES AT METRO THEATRE**

SUN. MAY 19 — 3:30 P.M. & 8:00 P.M.

MON. MAY 20 — 3:30 P.M. & 8:00 P.M.

For Further Information Call: HORIZON FILMS LTD. (299-6710) 24 HRS.